Punjabi Parwaz

# ਪੰਜਾਬੀ ਪਰਵਾਜ਼

ਅੰਕ ਚੌਥਾ: 8 ਜੁਲਾਈ 2023 (ਸ਼ਿਕਾਗੋ)

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

# ਫਰਾਂਸ ਦੇ ਸਿਆਸੀ ਸੰਕਟ ਪਿੱਛੇ ਹਰਕਤਸ਼ੀਲ ਮੁੱਦੇ




ਪੁਲੀਸ ਦੀ ਗੋਲੀ ਨਾਲ ਮਾਰੇ ਗਏ ਨਾਹੇਲ ਮਰਜ਼ੋਕ ਲਈ ਇਨਸਾਫ ਦੀ ਮੰਗ ਕਰਦੀ ਹੋਈ ਇੱਕ ਬੀਬੀ

**ਕਰਮ ਬਰਸਟ**
ਫੋਨ: +91-9417073831



ਫਰਾਂਸ ਇਸ ਵੇਲੇ ਭਿਆਨਕ ਦੰਗਿਆਂ ਦੀ ਮਾਰ ਹੇਠ ਆਇਆ ਹੋਇਆ ਹੈ। ਕਰੋੜਾਂ ਰੁਪਏ ਦੀ ਨਿੱਜੀ ਅਤੇ ਸਰਕਾਰੀ ਜਾਇਦਾਦ ਨੂੰ ਸਾੜ ਕੇ ਸਵਾਹ ਕਰ ਦਿੱਤਾ ਗਿਆ ਹੈ। ਦੋ ਸੌ ਪੁਲਸੀਆਂ ਸਮੇਤ ਹਜ਼ਾਰਾਂ ਲੋਕ ਜ਼ਖਮੀ ਹੋ ਚੁੱਕੇ ਹਨ। ਇਹ ਸਤਰਾਂ ਲਿਖਣ ਤੱਕ 2100 ਵਿਅਕਤੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ। ਦੰਗਿਆਂ ਦੇ ਇੱਕ ਹਫ਼ਤੇ ਦੌਰਾਨ ਵੱਡੇ ਸ਼ਹਿਰਾਂ ਵਿੱਚ ਫੈਲੀ ਅਸ਼ਾਂਤੀ ਦਾ ਇੱਕੋ ਇੱਕ ਕਾਰਨ ਇੱਕ ਪੁਲੀਸ ਕਰਮਚਾਰੀ ਵੱਲੋਂ ਇੱਕ ਟ੍ਰੈਫਿਕ ਨਾਕੇ ਦੌਰਾਨ ਅਲਜੀਰੀਅਨ ਅਤੇ ਮੋਰੱਕੋ ਮੂਲ ਦੇ ਇੱਕ ਸਤਾਰਾਂ ਸਾਲਾ ਗਭਰੇਟ ਨਾਹੇਲ ਮਰਜ਼ੋਕ ਦਾ ਗੋਲੀ ਮਾਰ ਕੇ ਕੀਤਾ ਕਤਲ ਹੈ। ਚੇਤੇ ਰਹੇ, ਫਰਾਂਸ ਵਿੱਚ ਅਫਰੀਕਨ ਮੂਲ ਦੇ ਲੋਕਾਂ ਦੀ ਤੀਹ ਲੱਖ ਤੋਂ ਉੱਪਰ ਵੱਸੋਂ ਹੈ। ਇਨ੍ਹਾਂ ਵਿੱਚੋਂ ਬਹੁਤੇ ਸਲ ਸਿਆਹਫਾਮ ਹੋਣ ਦੇ ਨਾਲ ਨਾਲ ਧਰਮ ਪੱਖੋਂ ਮੁਸਲਮਾਨ ਹਨ। ਇਨ੍ਹਾਂ ਤੋਂ ਇਲਾਵਾ ਪੰਜਾਹ-ਸੱਠ ਲੱਖ ਲੋਕ ਮਧਪੂਰਬ ਦੇ ਦੇਸ਼ਾਂ ਨਾਲ ਸਬੰਧ ਰੱਖਦੇ ਮੁਸਲਮਾਨ ਲੋਕ ਹਨ। ਇਹ ਕਾਲੇ ਅਤੇ ਮੁਸਲਿਮ ਲੋਕਾਂ ਵਿਰੁੱਧ ਨਸਲਵਾਦ ਦਾ ਮਾਮਲਾ ਜਾਪਦਾ ਹੈ। ਫਰਾਂਸ ਵਿੱਚ ਫੈਲਿਆ ਰੋਹ ਅਮਰੀਕਾ ਅੰਦਰ ਜਾਰਜ ਫਲਾਇਡ ਦੀ ਹੱਤਿਆ ਮਗਰੋਂ ਫੈਲੇ ਰੋਹ ਦੀ ਤਰਜਮਾਨੀ ਕਰਦਾ ਹੈ। ਬੇਸ਼ਕ ਫਰਾਂਸ ਕਾਫੀ ਤੱਕ ਉਦਾਰਵਾਦੀ ਸਮਾਜ ਹੈ, ਪਰ ਇੱਕ ਅੱਧੀ ਘਟਨਾ ਵੀ ਸਮਾਜਿਕ ਤਾਣੇ-ਬਾਣੇ ਨੂੰ ਤਹਿਸ਼ ਨਹਿਸ਼ ਕਰਨ ਲਈ ਕਾਫੀ ਹੈ।

ਨਾਹੇਲ ਮਰਜ਼ੋਕ ਫਰਾਂਸ ਦੇ ਵੱਡੇ ਉਪਨਗਰ ਨੋਂਤੇਰੇ ਦਾ ਵਸਨੀਕ ਸੀ ਅਤੇ ਫੁਟਬਾਲ ਦਾ ਉਭਰਦਾ ਖਿਡਾਰੀ ਸੀ। ਪੁਲੀਸ ਦਾ ਇਲਜ਼ਾਮ ਹੈ ਕਿ ਉਹ ਲਾਲਬੱਤੀ ਦੀ ਉਲੰਘਣਾ ਕਰਕੇ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਇੱਕ ਦੂਜੇ ਪੁਲੀਸ ਕਰਮੀ ਦੇ ਦਰੜੇ ਜਾਣ ਦਾ ਖਤਰਾ ਭਾਂਪਦਿਆਂ ਹੋਇਆ ਨੇੜੇ ਖੜ੍ਹੇ ਸਿਪਾਹੀ ਨੇ ਉਸਦੀ ਛਾਤੀ ਵਿੱਚ ਗੋਲੀ ਮਾਰ ਦਿੱਤੀ। ਅੰਦੋਲਨ ਕਰ ਰਹੀ ਜਨਤਾ ਦਾ ਇਲਜ਼ਾਮ ਹੈ ਕਿ ਉਸਨੂੰ ਨਸਲਵਾਦੀ ਘਿਰਣਾ ਕਰਕੇ ਸਿੱਧੀ ਗੋਲੀ ਮਾਰੀ ਗਈ, ਜਦੋਂਕਿ ਉਸਨੂੰ ਜ਼ਖਮੀ ਕਰਕੇ ਵੀ ਫੜਿਆ ਜਾ ਸਕਦਾ ਸੀ। ਜਿੰਨੀ ਵੱਡੀ ਪੱਧਰ 'ਤੇ ਰੋਸ ਫੈਲਿਆ ਹੈ ਤਾਂ ਜਨਤਾ ਦੀ ਗੱਲ 'ਤੇ ਹੀ ਯਕੀਨ ਕੀਤਾ ਜਾ ਸਕਦਾ ਹੈ। ਸਿਰਫ ਫਰਾਂਸ ਹੀ ਨਹੀਂ, ਬੈਲਜੀਅਮ ਵਰਗੇ ਕਈ ਹੋਰ ਯੂਰਪੀ ਮੁਲਕਾਂ ਅੰਦਰ ਵੀ ਇਸ ਸਬੰਧੀ ਰੋਸ ਪ੍ਰਗਟਾਵੇ ਹੋਣ ਦੀਆਂ ਖਬਰਾਂ ਆ ਰਹੀਆਂ ਹਨ।

ਪਿਛਲੇ ਕਈ ਦਹਾਕਿਆਂ ਬਾਅਦ ਇਹ ਪਹਿਲੀ ਵਾਰ ਹੈ ਕਿ ਯੂਰਪ ਅੰਦਰ ਵੱਡੇ ਪੈਮਾਨੇ ਉੱਤੇ ਇਸ ਤਰ੍ਹਾਂ ਦੀ ਜਨਤਕ ਬੇਚੈਨੀ ਦੇਖੀ ਗਈ ਹੈ। ਅਜਿਹੀਆਂ ਖਬਰਾਂ ਹਨ ਕਿ ਜੇ ਇਹ ਅਸ਼ਾਂਤੀ ਜਾਰੀ ਰਹੀ ਤਾਂ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੂੰ ਐਮਰਜੈਂਸੀ ਦਾ ਐਲਾਨ ਕਰਨ ਲਈ ਮਜਬੂਰ ਹੋਣਾ ਪੈ ਸਕਦਾ ਹੈ। ਨੌਜਵਾਨ ਨੂੰ ਗੋਲੀ ਮਾਰਨ ਵਾਲੇ ਪੁਲੀਸ ਅਧਿਕਾਰੀ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ, ਜਿਸ ਕਾਰਨ ਪੁਲੀਸ ਮੁਲਾਜ਼ਮਾਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ। ਦੰਗਾਕਾਰੀਆਂ ਨੂੰ ਦੇਖਦੇ ਹੀ ਗੋਲੀ ਮਾਰਨ ਦੇ ਹੁਕਮ ਜਾਰੀ ਕੀਤੇ ਗਏ ਹਨ।

ਇਸ ਹਿੰਸਕ ਬੇਚੈਨੀ ਪਿੱਛੇ ਕਈ ਕਾਰਨ ਦੱਸੇ ਜਾਂਦੇ ਹਨ। ਫ੍ਰੈਂਚ ਸਰਕਾਰ ਨੇ 2017 ਵਿੱਚ ਕਾਨੂੰਨ ਬਣਾ ਕੇ ਨਾਗਰਿਕਾਂ 'ਤੇ ਗੋਲੀ ਚਲਾਉਣ ਵਾਲੇ ਪੁਲਿਸ ਕਰਮਚਾਰੀਆਂ ਲਈ ਨਿਯਮਾਂ ਵਿੱਚ ਢਿੱਲ੍ਹ ਦਿੱਤੀ ਸੀ। ਇਸ ਕਾਨੂੰਨ ਦੇ ਪਾਸ ਹੋਣ ਤੋਂ ਬਾਅਦ ਪੁਲਿਸ ਵਲੋਂ ਲੋਕਾਂ ਉੱਪਰ ਗੋਲੀਆਂ ਚਲਾਉਣ ਦੀਆਂ ਘਟਨਾਵਾਂ 'ਚ ਵਾਧਾ ਨੋਟ ਕੀਤਾ ਗਿਆ ਹੈ। ਦੂਜਾ, ਮੈਕਰੋਨ ਸਰਕਾਰ ਵਲੋਂ ਪੇਸ਼ ਕੀਤੇ ਗਏ ਪੈਨਸ਼ਨ ਸੁਧਾਰਾਂ ਨੂੰ ਲੈ ਕੇ ਮਜ਼ਦੂਰ ਵਰਗ ਵਿੱਚ ਵਿਆਪਕ ਰੋਸ ਹੈ, ਜੋ ਕਿਸੇ ਰੋਹ ਵਿੱਚ ਪਲਟਨ ਲਈ ਮੌਕੇ ਦੀ ਤਲਾਸ਼ ਵਿੱਚ ਸੀ। ਇਸੇ ਸਾਲ ਮੈਕਰੋਨ ਸਰਕਾਰ ਨੇ ਰਿਟਾਇਰਮੈਂਟ ਦੀ ਉਮਰ ਸੀਮਾ 62 ਸਾਲ ਤੋਂ ਵਧਾ ਕੇ 64 ਸਾਲ ਕਰ ਦਿੱਤੀ ਸੀ। ਇਸ ਕਾਰਨ ਕਈ ਸ਼ਹਿਰਾਂ ਵਿੱਚ ਵਿਰੋਧ ਪ੍ਰਦਰਸ਼ਨ ਹੋਏ। ਤੀਜਾ, ਫਰਾਂਸ ਦੇ ਲੋਕ ਚੱਲ ਰਹੇ ਯੂਕਰੇਨ-ਰੂਸ ਯੁੱਧ ਕਾਰਨ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਦੇ ਭਾਰ ਹੇਠ ਦੱਬ ਰਹੇ ਹਨ।

ਫਰਾਂਸ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਸਿਵਲ ਬੇਚੈਨੀ ਅਤੇ ਸਰਕਾਰ ਵਿਰੋਧੀ ਰੋਸ ਮੁਜ਼ਾਹਰਿਆਂ ਵਿੱਚ ਲਿਪਟਿਆ ਹੋਇਆ ਹੈ, ਪੀਲੇ-ਨਿਸ਼ਾਨਾਂ ਵਾਲੇ ਪ੍ਰਦਰਸ਼ਨਕਾਰੀ ਪੂਰੇ ਫਰਾਂਸ ਦੇ ਕਸਬਿਆਂ ਅਤੇ ਸ਼ਹਿਰਾਂ ਦੀਆਂ ਸੜਕਾਂ 'ਤੇ ਉਤਰ ਰਹੇ ਹਨ। ਪ੍ਰਦਰਸ਼ਨ ਅਕਸਰ ਹਿੰਸਕ ਹੋ ਜਾਂਦੇ ਹਨ, ਜਿਸ ਨਾਲ ਫਰਾਂਸ ਦੀ ਦੰਗਾ ਪੁਲਿਸ ਨਾਲ ਲੁਕਵੀਆਂ ਝੜਪਾਂ ਹੁੰਦੀਆਂ ਹਨ।

ਦੇਖਿਆ ਜਾਵੇ ਤਾਂ ਫਰਾਂਸ ਦਾ ਇਤਿਹਾਸ ਲੰਬੇ ਜਨਤਕ ਸੰਘਰਸ਼ਾਂ ਦੀ ਗਵਾਹੀ ਭਰਦਾ ਹੈ। 1848 ਦੀ ਬੁਰਜੂਆ ਕ੍ਰਾਂਤੀ ਅਤੇ 1871 ਵਿੱਚ ਪਹਿਲੇ ਸਮਾਜਵਾਦੀ ਇਨਕਲਾਬ ਪੈਰਿਸ ਕਮਿਊਨ ਦੀ ਸਥਾਪਨਾ ਸੰਸਾਰ ਪ੍ਰਸਿੱਧ ਘਟਨਾਵਾਂ ਹਨ।

1960 ਦਹਾਕੇ ਦੇ ਅੰਤ ਵਿੱਚ ਫਰਾਂਸ ਦੀ ਜਨਤਾ ਸਾਬਕਾ ਰਾਸ਼ਟਰਪਤੀ ਗਾਉਲ ਦੀਆਂ ਦਮਨਕਾਰੀ ਨੀਤੀਆਂ ਕਰਕੇ ਤਪੀ ਪਈ ਸੀ। ਆਧੁਨਿਕ ਉਦਾਰਵਾਦੀ ਜੀਵਨਸ਼ੈਲੀ ਅਤੇ ਰਵਾਇਤੀ ਪਰੰਪਰਾਵਾਂ ਵਿਚਕਾਰ ਟਕਰਾਅ ਵੱਧ ਰਿਹਾ ਸੀ। ਮਈ 1968 ਵਿੱਚ ਵਿਦਿਅਕ ਮਸਲਿਆਂ, ਮਜ਼ਦੂਰਾਂ ਦੀਆਂ ਉਜਰਤਾਂ, ਹਕੂਮਤੀ ਸੁਧਾਰਾਂ, ਲਿੰਗਕ ਅਤੇ ਕਲਾਤਮਿਕ ਤੇ ਸਾਹਿਤਕ ਆਜ਼ਾਦੀ ਜਿਹੇ ਮਸਲਿਆਂ ਉੱਪਰ ਇਤਿਹਾਸਕ ਵਿਦਿਆਰਥੀ ਅੰਦੋਲਨ ਸ਼ੁਰੂ ਹੋ ਜਾਂਦਾ ਹੈ, ਜਿਸ ਵਿੱਚ ਯਾਂ ਪਾਲ ਸਾਰਤਰ ਵਰਗੇ ਧੁਨੰਤਰ ਚਿੰਤਕਾਂ ਤੱਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਵਿਦਿਆਰਥੀ ਲਹਿਰ ਮਜ਼ਦੂਰਾਂ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੋਈ ਵਿਸ਼ਾਲ ਜਨਤਕ ਲਹਿਰ ਵਿੱਚ ਤਬਦੀਲ ਹੋ ਗਈ ਸੀ। ਇਸ ਲਹਿਰ ਦੀ ਬਦੌਲਤ ਫਰਾਂਸ ਵਿੱਚ ਕੰਮ ਦੀਆਂ ਹਾਲਤਾਂ, ਵਿਦਿਅਕ ਪ੍ਰਬੰਧ ਅਤੇ ਮਨੁੱਖ ਦੇ ਨਿੱਜੀ ਜੀਵਨ ਨਾਲ ਸਬੰਧਤ ਵੱਡੇ ਸਮਾਜਿਕ ਸੁਧਾਰ ਸਾਹਮਣੇ ਆਏ। ਰਾਸ਼ਟਰਪਤੀ ਜਨਰਲ ਗਾਉਲ ਨੂੰ 1969 ਦੀ ਰਾਏਸ਼ੁਮਾਰੀ ਵਿੱਚ ਹੋਈ ਹਾਰ ਕਾਰਨ ਅਸਤੀਫ਼ਾ ਦੇਣਾ ਪਿਆ। ਬੇਸ਼ੱਕ ਗਾਉਲ ਤੋਂ ਬਾਅਦ ਉਸਦੀ ਪਾਰਟੀ ਦਾ ਹੀ ਆਗੂ ਜਾਰਜ ਪੋਂਪੀਦੋ ਰਾਸ਼ਟਰਪਤੀ ਬਣ ਗਿਆ, ਪਰ ਉਸਦੀ ਮੌਤ ਤੋਂ ਬਾਅਦ ਹੋਈਆਂ ਚੋਣਾਂ ਵਿੱਚ ਹੋਰ ਵੱਧ ਰੂੜੀਵਾਦੀ ਰਿਪਬਲਿਕਨ ਵਾਲੇਰੀ ਗਿਸਕਾਰਡ ਦ ਇਸਟਾਂਗ ਰਾਸ਼ਟਰਪਤੀ ਬਣ ਗਿਆ, ਪਰ ਇਸਦੇ ਬਾਵਜੂਦ ਵੱਡੇ ਸਮਾਜਿਕ ਅੰਦੋਲਨਾਂ ਦੀ ਲਗਾਤਾਰਤਾ ਬਣੀ ਰਹੀ। ਸਿੱਟੇ ਵਜੋਂ 1981 ਤੋਂ ਲੈ ਕੇ ਖੱਬੇ ਪੱਖੀ ਫਰਾਂਸਿਸ ਮਿਤਰੋਂ ਦੀ ਸਰਕਾਰ ਬਣੀ ਰਹੀ। ਇਸ ਤੋਂ ਬਾਅਦ ਫੇਰ ਸੱਜੇ-ਪੱਖੀ ਭਾਰੂ ਹੋ ਗਏ ਅਤੇ ਜੈਕ ਚਿਰਾਕ ਦੇ ਰਾਜਕਾਲ ਵਿੱਚ ਬੇਰੁਜ਼ਗਾਰੀ ਵਿੱਚ ਅਥਾਹ ਵਾਧਾ ਹੋਇਆ, ਦੇਸ਼ ਉੱਪਰ ਕਰਜ਼ਾ ਚੜ੍ਹ ਗਿਆ ਅਤੇ ਫਰਾਂਸ ਨੇ ਯੂਰਪ ਦੇ ਏਕੀਕਰਨ ਵੱਲ ਵੀ ਨਾਂਹ ਪੱਖੀ ਰਵੱਈਆ ਬਣਾਈ ਰੱਖਿਆ। ਫਰਾਂਸ ਆਰਥਿਕ ਵਿਕਾਸ ਦੇ ਮਾਮਲੇ ਵਿੱਚ ਯੂਰਪ ਦੇ ਬਾਕੀ ਵੱਡੇ ਦੇਸ਼ਾਂ ਦੇ

⇒ *ਬਾਕੀ ਸਫਾ 9 ਉਤੇ ਪੜ੍ਹੋ...*

**ਨੋਟ: ਲੇਖਕ ਆਪਣੀਆਂ ਲਿਖਤਾਂ ਅਤੇ ਪਾਠਕ ਆਪਣੇ ਵਿਚਾਰ "ਪੰਜਾਬੀ ਪਰਵਾਜ਼" ਦੀ ਈਮੇਲ punjabiparwaz@gmail.com ਉਤੇ ਭੇਜ ਸਕਦੇ ਹਨ।**

**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।


TOUR CURATED & EXECUTED BY
PRODUCED BY
MARRIOTT CHICAGO NORTHWEST
Hoffman Estates
847.645.9500
Bilions
SAHIL
Rani
hiindia.com
PRESENTS
KAPIL SHARMA
Live
BUY TICKETS EXCLUSIVELY
TICKETS ALSO AVAILABLE ON
Sulekha
JULY 14, 2023 | FRIDAY | 8 PM
NOW ARENA, CHICAGO
TICKET PRICES :-
$39, $49, $79, $99, $129, $149, $199, $249, $299 VIP AND VVIP
TICKETS LIVE ON TICKETMASTER.COM
*For Sponsorship & VIP Tickets*
Bhavesh (773) 552-2222
Manoj (616) 516-9797
Team Bilions (737) 296-9181

## -ਵਿਰੋਧੀ ਧਿਰ ਦੀ ਏਕਤਾ-

# ਲੋੜ, ਮੁੱਦੇ, ਸਮੀਕਰਣ ਅਤੇ ਸਮੱਸਿਆਵਾਂ

**ਸਾਰੀਆਂ ਪਾਰਟੀਆਂ ਆਪੋ-ਆਪਣੀ ਸਿਆਸਤ ਵਿੱਚ ਰੁੱਝੀਆਂ ਹੋਈਆਂ ਹਨ ਅਤੇ ਇਸ ਰੁਝੇਵੇਂ ਵਿੱਚ ਸੱਤਾ ਦੀ ਲਾਲਸਾ ਹੱਦੋਂ ਵੱਧ ਭਾਰੂ ਹੈ। ਭਾਵੇਂ ਸਭ ਦੇ ਆਪੋ-ਆਪਣੇ ਹਿੱਤ ਹਨ, ਪਰ ਸਭ ਨੂੰ ਆਪਣੀ ਹੋਂਦ ਬਚਾਉਣ ਦਾ ਫ਼ਿਕਰ ਵੀ ਹੈ; ਤੇ ਇਸੇ ਫ਼ਿਕਰ ਵਿੱਚ ਗੱਠਜੋੜਾਂ ਦੀ ਅਸਲ ਸਿਆਸਤ ਲੁਕੀ ਹੋਈ ਹੈ। ਲੇਖਕ ਚੰਦਰਪਾਲ ਅੱਤਰੀ ਨੇ ਇਸ ਲੇਖ ਵਿੱਚ ਦੇਸ਼ ਪੱਧਰੀ ਵਿਰੋਧੀ ਧਿਰ ਦੀ ਏਕਤਾ ਉਤੇ ਚਰਚਾ ਛੇੜਦਿਆਂ ਲਿਖਿਆ ਹੈ ਕਿ ਉਂਝ ਜੇ ਇਹ ਪਾਰਟੀਆਂ ਵਾਕਿਆ ਹੀ ਭਾਜਪਾ ਨੂੰ ਹਰਾਉਣਾ ਚਾਹੁੰਦੀਆਂ ਹਨ ਤਾਂ ਇਨ੍ਹਾਂ ਸਾਰੀਆਂ ਪਾਰਟੀਆਂ ਨੂੰ ਸਿਰ ਜੋੜ ਕੇ ਬੈਠਣਾ ਪਵੇਗਾ ਅਤੇ ਆਮ ਲੋਕਾਂ ਦੀ ਨਬਜ਼ ਵੀ ਪਕੜਨੀ ਪਵੇਗੀ; ਲੋਕਾਂ ਦੇ ਮੁੱਦੇ ਉਠਾਉਣੇ ਪੈਣਗੇ ਅਤੇ ਖੇਤਰੀ ਪਾਰਟੀਆਂ ਨੂੰ ਵੀ ਆਪਣੇ ਨਿੱਜੀ ਹਿੱਤਾਂ ਤੋਂ ਉਪਰ ਉਠ ਕੇ ਇਸ ਸਮਝੌਤੇ ਨੂੰ ਸਿਰੇ ਚੜ੍ਹਾਉਣਾ ਪਵੇਗਾ। ਸਪਸ਼ਟ ਕਰ ਦਈਏ ਕਿ ਕਿਹੜੀ ਪਾਰਟੀ ਕਿਸ ਸਿਆਸੀ ਧਿਰ ਦੇ ਹੱਕ ਜਾਂ ਵਿਰੋਧ ਵਿੱਚ ਖੜ੍ਹਦੀ ਹੈ, ਇਸ ਵਿੱਚ 'ਪੰਜਾਬੀ ਪਰਵਾਜ਼' ਦੀ ਕੋਈ ਨਿੱਜੀ ਦਿਲਚਸਪੀ ਨਹੀਂ ਹੈ। ਇਹ ਲੇਖ ਸਿਆਸੀ ਪ੍ਰਸਥਿਤੀਆਂ ਉਤੇ ਨਜ਼ਰਸਾਨੀ ਕਰਨ ਅਤੇ ਵਿਚਾਰ-ਚਰਚਾ ਦੇ ਮਕਸਦ ਨਾਲ ਛਾਪਿਆ ਜਾ ਰਿਹਾ ਹੈ।**




**ਚੰਦਰਪਾਲ ਅੱਤਰੀ, ਲਾਲੜੂ**
**ਫੋਨ: +91-7889111988**



ਕਿਸੇ ਵੀ ਲੋਕਤੰਤਰ ਦੇ ਵਿਕਾਸ ਲਈ ਮਜ਼ਬੂਤ ਵਿਰੋਧੀ ਧਿਰ ਓਨੀ ਹੀ ਜ਼ਰੂਰੀ ਹੁੰਦੀ ਹੈ, ਜਿੰਨੀ ਕਿ ਸਰਗਰਮ ਸੱਤਾਧਾਰੀਆਂ ਦੀ ਲੋੜ ਹੁੰਦੀ ਹੈ। ਇਸ ਸਮੇਂ ਦੇਸ਼ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਪੂਰਨ ਬਹੁਮਤ ਵਾਲੀ ਸਰਕਾਰ ਹੈ, ਜੋ ਖੁਦ ਨੂੰ ਦੇਸ਼ ਪ੍ਰਤੀ ਸਭ ਤੋਂ ਵਫਾਦਾਰ ਸਰਕਾਰ ਐਲਾਨਦੀ ਹੈ। ਇਹ ਸਰਕਾਰ 2014 ਤੋਂ ਨਰਿੰਦਰ ਮੋਦੀ ਦੀ ਅਗਵਾਈ ਹੇਠ ਬਣੀ ਹੋਈ ਹੈ ਤੇ ਇਸ ਸਮੇਂ ਭਾਜਪਾ ਵਿੱਚ ਨਰਿੰਦਰ ਮੋਦੀ ਦੇ ਨਾਮ ਉਤੇ ਕੋਈ ਵਿਰੋਧ ਨਹੀਂ ਹੈ, ਜਦਕਿ ਦੂਜੇ ਪਾਸੇ ਵਿਰੋਧੀ ਧਿਰ ਐਨੀ ਕਮਜ਼ੋਰ ਹੈ ਕਿ ਉਸ ਕੋਲ ਖੁਦ ਨੂੰ ਵਿਰੋਧੀ ਧਿਰ ਸਾਬਤ ਕਰਨ ਵਾਲੀ ਗਿਣਤੀ ਵੀ ਨਹੀਂ ਹੈ ਤੇ ਨਾ ਹੀ ਭਵਿੱਖ ਵਿੱਚ ਵਿਰੋਧੀ ਧਿਰ ਦੇ ਆਗੂ ਦੇ ਨਾਮ ਉਤੇ ਫਿਲਹਾਲ ਕੋਈ ਸਹਿਮਤੀ ਬਣਦੀ ਨਜ਼ਰ ਆਉਂਦੀ ਹੈ। ਇਸ ਵਿੱਚ ਕੋਈ ਸ਼ੱਕ ਵੀ ਨਹੀਂ ਕਿ ਭਾਜਪਾ ਨੇ ਆਪਣੀ ਸੱਜ-ਪਛਾਖੜੀ ਨੀਤੀਆਂ ਮੁਤਾਬਕ ਇੱਕ ਵਿਸ਼ੇਸ਼ ਭਾਈਚਾਰੇ ਪ੍ਰਤੀ ਕਾਫ਼ੀ ਧਾਰਮਿਕ ਨਰਮੀ ਵੀ ਵਿਖਾਈ ਹੈ ਤੇ ਉਹ ਆਪਣੀ ਇਸ ਧਾਰਮਿਕ ਨੀਤੀ ਪ੍ਰਤੀ ਸਪੱਸ਼ਟ ਵੀ ਜਾਪ ਰਹੀ ਹੈ। ਦੂਜੇ ਪਾਸੇ ਵਿਰੋਧੀ ਧਿਰ ਨਾਲ ਸਬੰਧਤ ਕੁੱਝ ਪਾਰਟੀਆਂ ਅਜੇ ਧਾਰਮਿਕ, ਆਰਥਿਕ ਤੇ ਸਮਾਜਿਕ ਨੀਤੀਆਂ ਪ੍ਰਤੀ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹਨ। ਵਿਰੋਧੀ ਧਿਰ ਦਾ ਗੱਠਜੋੜ ਬਣਾਉਣ ਦੀ ਦਿਸ਼ਾ ਵਿੱਚ ਵੱਖ-ਵੱਖ ਪਾਰਟੀਆਂ ਦੀ ਇੱਕ ਅਹਿਮ ਮੀਟਿੰਗ 23 ਜੂਨ ਨੂੰ ਬਿਹਾਰ ਦੇ ਪਟਨਾ ਵਿਖੇ ਹੋ ਚੁੱਕੀ ਹੈ, ਜਦਕਿ ਦੂਜੀ ਮੀਟਿੰਗ ਅਜੇ ਵਿਚਾਰਧੀਨ ਹੈ।

ਕੌਮੀ ਪੱਧਰ ਦੇ ਗੱਠਜੋੜ ਵਿੱਚ ਜਿੱਥੇ ਕਾਂਗਰਸ ਤੇ ਖੱਬੀਆਂ ਪਾਰਟੀਆਂ (ਕੇਰਲ ਨੂੰ ਛੱਡ ਕੇ) ਪੂਰੀ ਤਰ੍ਹਾਂ ਇੱਕਜੁੱਟ ਹਨ। ਸਮਾਜਵਾਦੀ ਪਾਰਟੀ ਕਾਂਗਰਸ ਤੋਂ ਭਾਵੇਂ ਦੂਰ ਹੈ, ਪਰ ਉਹ ਖੱਬੀਆਂ ਪਾਰਟੀਆਂ ਦੇ ਸੰਪਰਕ ਵਿੱਚ ਹੈ। ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਇਸ ਸਮੇਂ ਗੰਭੀਰ ਵਿਰੋਧਾਭਾਸ ਦਾ ਸਾਹਮਣਾ ਕਰ ਰਹੀ ਹੈ। ਇਸ ਪਾਰਟੀ ਦੇ ਆਗੂਆਂ ਵਿੱਚ ਸੱਤਾ ਦੀ ਲਾਲਸਾ ਹੱਦੋਂ ਵੱਧ ਹੈ। ਪਾਰਟੀ ਦੇ ਵਧੇਰੇ ਆਗੂ ਨਾ ਸਿਰਫ ਲੋਕਾਂ ਤੋਂ ਦੂਰ ਹੋ ਚੁੱਕੇ ਹਨ, ਸਗੋਂ ਉਹ ਵਿਚਾਰਧਾਰਾ ਪੱਖੋਂ ਵੀ ਡਾਵਾਂਡੋਲ ਹਨ। ਉੱਤਰ ਭਾਰਤ ਦੇ ਵਧੇਰੇ ਕਾਂਗਰਸੀ ਤਾਂ ਭਾਜਪਾ ਦੀ ਭਾਸ਼ਾ ਬੋਲ ਰਹੇ ਹਨ। ਉਹ ਮਹਾਤਮਾ ਗਾਂਧੀ ਦੇ 'ਸਰਵ ਜਨ ਹਿਤਾਏ' ਅਤੇ ਜਵਾਹਰ ਲਾਲ ਨਹਿਰੂ ਦੀ ਸਮਾਜਵਾਦੀ ਤੇ ਧਰਮ-ਨਿਰਪੱਖਤਾ ਵਾਲੀ ਲਾਈਨ ਦੇ ਨੇੜੇ-ਤੇੜੇ ਵੀ ਨਹੀਂ। ਇਸੇ ਤਰ੍ਹਾਂ ਖੱਬੀਆਂ ਪਾਰਟੀਆਂ ਦਾ ਆਧਾਰ ਵੀ ਸੁੰਗੜਿਆ ਹੋਇਆ ਹੈ। ਬੇਹੱਦ ਜ਼ਹੀਨ ਬੁੱਧੀ ਵਾਲੀ ਇਹ ਧਿਰ ਸੰਘਰਸ਼ਾਂ ਨੂੰ ਪ੍ਰਣਾਈ ਹੋਈ ਹੈ ਤੇ ਪਿਛਲੇ ਸਮੇਂ ਦੌਰਾਨ ਆਪਣੀ ਇਸ ਸੰਘਰਸ਼ ਵਾਲੀ ਲਾਈਨ 'ਤੇ ਚੱਲਦਿਆਂ ਇਸ ਨੇ ਸਰਕਾਰਾਂ ਤੋਂ ਸਮਾਜ ਲਈ ਬਹੁਤ ਲੋਕ ਪੱਖੀ ਕੰਮ ਵੀ ਕਰਵਾਏ ਹਨ, ਪਰ ਬਦਕਿਸਮਤੀ ਇਹ ਹੈ ਕਿ ਉੱਤਰ ਭਾਰਤ ਵਿੱਚ ਇਸ ਪਾਰਟੀ ਕੋਲ ਸਿਰਫ ਲੀਡਰ ਹੀ ਰਹਿ ਗਏ ਹਨ। ਹਾਲਾਂਕਿ ਸਿਆਸੀ ਤਾਕਤ ਘਟਣ ਦੇ ਬਾਵਜੂਦ ਇਹ ਪਾਰਟੀ ਅਜੇ ਵੀ ਭਾਜਪਾ ਨੂੰ ਸਿੱਧਿਆਂ ਟੱਕਰਦੀ ਹੈ, ਪਰ ਇਸ ਨੂੰ ਆਪਣਾ ਲੋਕਾਈ ਵਾਲਾ ਦਾਇਰਾ ਵਧਾਉਣ ਦੀ ਸਮੱਸਿਆ ਦਰਪੇਸ਼ ਹੈ। ਇਸ ਗੱਠਜੋੜ ਵਿੱਚ ਤ੍ਰਿਣਮੂਲ ਕਾਂਗਰਸ ਦੀ ਮਮਤਾ ਬੈਨਰਜੀ ਇਸ ਸ਼ਰਤ ਉਤੇ ਆਉਣ ਦੀ ਗੱਲ ਆਖਦੀ ਹੈ ਕਿ ਜੇਕਰ ਕਾਂਗਰਸ ਪਾਰਟੀ ਖੱਬੀਆਂ ਪਾਰਟੀਆਂ ਦਾ ਸਾਥ ਛੱਡ ਦੇਵੇ ਤਾਂ ਉਹ ਗੱਠਜੋੜ ਵਿੱਚ ਸ਼ਾਮਲ ਹੋ ਜਾਵੇਗੀ, ਜਦਕਿ ਕਾਂਗਰਸ ਨੂੰ ਮਮਤਾ ਦੇ ਮੁਕਾਬਲੇ ਖੱਬੇ ਪੱਖੀ ਵਧੇਰੇ ਭਰੋਸੇਯੋਗ ਜਾਪਦੇ ਹਨ, ਕਿਉਂਕਿ ਉਨ੍ਹਾਂ ਆਪਣੇ ਸਮੁੱਚੇ ਸਿਆਸੀ ਜੀਵਨ ਦੌਰਾਨ ਕਦੇ ਵੀ ਭਾਜਪਾ ਦਾ ਸਿੱਧਾ ਸਾਥ ਨਹੀਂ ਦਿੱਤਾ, ਜਦਕਿ ਇਤਿਹਾਸ ਵਿੱਚ ਮਮਤਾ ਬੈਨਰਜੀ ਐਨ.ਡੀ.ਏ. ਦੇ ਕੋਟੇ ਤੋਂ ਰੇਲ ਮੰਤਰੀ ਰਹਿ ਚੁੱਕੀ ਹੈ। ਇਸ ਸਮੇਂ ਪੱਛਮੀ ਬੰਗਾਲ 'ਚ ਕਾਂਗਰਸ ਦੀ ਸੂਬਾਈ ਇਕਾਈ ਵੀ ਖੱਬੇ ਪੱਖੀਆਂ ਦੀ ਸੂਬਾਈ ਲੀਡਰਸ਼ਿਪ ਨਾਲ ਸੰਤੁਸ਼ਟ ਹੈ।

ਸਮਾਜਵਾਦੀ ਪਾਰਟੀ ਵੀ ਇੱਕ ਸਮੇਂ ਤੱਕ ਭਾਜਪਾ ਪ੍ਰਤੀ ਹਮਦਰਦੀ ਰੱਖਦੀ ਸੀ, ਜਦਕਿ ਹੁਣ ਆਪਣੀ ਹੋਂਦ ਬਚਾਉਣ ਲਈ ਉਸ ਦੀ ਲਾਈਨ ਬਦਲੀ ਹੋਈ ਹੈ। ਵਿਰੋਧੀ ਕੌਮੀ ਗੱਠਜੋੜ ਵਿੱਚ ਇੱਕ ਧੜਾ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਵਾਲੇ ਲਾਲੂ ਪ੍ਰਸਾਦ ਯਾਦਵ ਤੇ ਜਨਤਾ ਦਲ ਯੂਨਾਈਟਿਡ (ਜੇ.ਡੀ.ਯੂ.) ਵਾਲੇ ਨਿਤਿਸ਼ ਕੁਮਾਰ ਦਾ ਹੈ। ਹਾਲ ਦੀ ਘੜੀ ਇਹ ਧੜਾ ਵੀ ਕਾਂਗਰਸ ਦੀ ਪਿੱਠ ਉਤੇ ਜਾਪਦਾ ਹੈ। ਤਾਮਿਲਨਾਡੂ ਵਾਲਾ ਡੀ.ਐਮ.ਕੇ. ਗਰੁੱਪ ਅਤੇ ਮਹਾਰਾਸ਼ਟਰ ਦਾ ਰਾਸ਼ਟਰਵਾਦੀ ਕਾਂਗਰਸ ਪਾਰਟੀ ਦਾ ਪਵਾਰ ਧੜਾ ਵੀ ਕਾਂਗਰਸ ਦੀ ਹਾਂ ਵਿੱਚ ਹਾਂ ਮਿਲਾ ਰਿਹਾ ਹੈ। ਹਾਲਾਂਕਿ ਤਾਜ਼ਾ ਘਟਨਾਕ੍ਰਮ ਵਿੱਚ ਪਵਾਰ ਗਰੁੱਪ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ, ਜਦੋਂ ਉਸ ਦਾ ਭਤੀਜਾ ਅਜੀਤ ਪਵਾਰ ਮਹਾਰਾਸ਼ਟਰ ਵਿੱਚ ਭਾਜਪਾ ਦੀ ਅਗਵਾਈ ਵਾਲੇ ਸੱਤਾਧਾਰੀ ਗੱਠਜੋੜ ਨਾਲ ਰਲ ਗਿਆ। ਇਸ ਸਮੁੱਚੇ ਘਟਨਾਕ੍ਰਮ ਤੋਂ ਬਾਅਦ ਵਿਰੋਧੀ ਪਾਰਟੀਆਂ ਦੀ 13-14 ਜੁਲਾਈ ਨੂੰ ਬੰਗਲੌਰ 'ਚ ਪ੍ਰਸਤਾਵਿਤ ਮੀਟਿੰਗ ਰੱਦ ਕਰਨੀ ਪਈ ਹੈ। ਵਿਰੋਧੀ ਧਿਰ ਦੇ ਵੱਖਰੇ ਗੱਠਜੋੜ ਵਿੱਚ ਆਮ ਆਦਮੀ ਪਾਰਟੀ ਤੇ ਤੇਲੰਗਾਨਾ ਨਾਲ ਸਬੰਧਤ ਭਾਰਤੀਆ ਰਾਸ਼ਟਰ ਸਮਿਤੀ ਵਾਲੇ ਕੇ. ਚੰਦਰਸ਼ੇਖਰ ਰਾਓ ਦੀ ਰਣਨੀਤੀ ਵੱਖਰੀ ਹੈ। ਇਹ ਦੋਵੇਂ ਪਾਰਟੀਆਂ ਕੁੱਝ ਮਾਮਲਿਆਂ ਵਿੱਚ ਕਾਂਗਰਸ ਨਾਲ ਅਤੇ ਕੁੱਝ ਵਿੱਚ ਭਾਜਪਾ ਨਾਲ ਨਜ਼ਰ ਆਉਂਦੀਆਂ ਹਨ। ਆਮ ਆਦਮੀ ਪਾਰਟੀ ਦਿੱਲੀ ਸਬੰਧੀ ਆਰਡੀਨੈਂਸ ਉਤੇ ਭਾਜਪਾ ਦੇ ਵਿਰੋਧ ਵਿੱਚ ਹੈ, ਜਦਕਿ ਇੱਕ ਸਮਾਨ ਨਾਗਰਿਕਤਾ ਕਾਨੂੰਨ ਦੇ ਮਾਮਲੇ ਵਿੱਚ ਸਿਧਾਂਤਕ ਤੌਰ ਉਤੇ ਭਾਜਪਾ ਨਾਲ ਸਹਿਮਤੀ ਪ੍ਰਗਟਾਅ ਰਹੀ ਹੈ। ਇਸ ਤੋਂ ਪਹਿਲਾਂ ਵੀ ਇਹ ਪਾਰਟੀ ਧਾਰਾ-370, ਧਾਰਾ 35-ਏ, ਐਨ.ਆਰ.ਸੀ. ਤੇ ਸੀ.ਏ.ਏ. ਦੇ ਮਾਮਲੇ ਵਿੱਚ ਵੀ ਭਾਜਪਾ ਦਾ ਪੱਖ ਪੂਰ ਚੁੱਕੀ ਹੈ। ਇਸੇ ਤਰ੍ਹਾਂ ਭਾਰਤੀਆ ਰਾਸ਼ਟਰ ਸਮਿਤੀ ਦੀ ਰਣਨੀਤੀ ਵੀ ਸਪੱਸ਼ਟ ਨਹੀਂ ਹੈ। ਵਿਰੋਧੀ ਧਿਰ ਦੇ ਇਸ ਗੱਠਜੋੜ ਪ੍ਰਤੀ ਬਹੁਜਨ ਸਮਾਜ ਪਾਰਟੀ (ਬਸਪਾ) ਦਾ ਰਵੱਈਆ ਸਭ ਤੋਂ ਵੱਖਰਾ ਹੈ। ਬਸਪਾ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਨਾਲ ਹੈ ਤੇ ਕੇਂਦਰ ਬਾਰੇ ਫਿਲਹਾਲ ਉਹ ਕੋਈ ਠੋਸ ਫੈਸਲਾ ਨਹੀਂ ਲੈ ਪਾ ਰਹੀ। ਹਾਲਾਂਕਿ ਇੱਕ ਸਮਾਨ ਨਾਗਰਿਕਤਾ ਕਾਨੂੰਨ ਦੇ ਮਾਮਲੇ ਵਿੱਚ ਉਹ ਭਾਜਪਾ ਨਾਲ ਸਹਿਮਤੀ ਜਤਾ ਚੁੱਕੀ ਹੈ।

ਇਹ ਤਾਂ ਗੱਠਜੋੜ ਦੀਆਂ ਸੰਭਾਵਨਾਵਾਂ ਸਨ। ਹੁਣ ਅਸੀਂ ਇਨ੍ਹਾਂ ਗੱਠਜੋੜਾਂ ਦੀ ਅਸਲ ਸਿਆਸਤ ਤੇ ਵੋਟ ਬੈਂਕ ਵੱਲ ਮੁੜਦੇ ਹਾਂ। ਇਸ ਸਮੇਂ ਫਿਰਕਾਪ੍ਰਸਤੀ ਦੇ ਮੁੱਦੇ ਉਤੇ ਭਾਵੇਂ ਕਾਂਗਰਸ ਤੇ ਖੱਬੇ ਪੱਖੀ ਇੱਕਜੁੱਟ ਨਜ਼ਰ ਆ ਰਹੇ ਹਨ, ਪਰ ਆਰਥਿਕ ਨੀਤੀ ਦੇ ਮਸਲੇ ਉਤੇ ਉਹ ਵੱਖੋ-ਵੱਖ ਹਨ। ਕਾਂਗਰਸ ਜਿੱਥੇ ਪੂਰੀ ਤਰ੍ਹਾਂ ਨਵ-ਉਦਾਰਵਾਦੀ ਆਰਥਿਕ ਨੀਤੀਆਂ ਦੀ ਹਾਮੀ ਹੈ, ਉੱਥੇ ਹੀ ਖੱਬੇ ਪੱਖੀ ਆਰਥਿਕ ਨੀਤੀਆਂ ਦਾ ਮੁਹਾਣ ਕਿਰਤੀਆਂ ਦੇ ਹੱਕ 'ਚ ਮੋੜਨ ਲਈ ਸਪੱਸ਼ਟ ਹਨ। ਇਸ ਕਾਰਨ ਪਹਿਲਾਂ ਵੀ ਉਨ੍ਹਾਂ ਦਾ ਕਾਂਗਰਸ ਨਾਲ ਸਮਝੌਤਾ ਟੁੱਟ ਚੁੱਕਿਆ ਹੈ। ਇਸ ਗੱਠਜੋੜ ਦੀ ਕਾਇਮੀ ਲਈ ਕਾਂਗਰਸ ਨੂੰ ਇਸ ਦਿਸ਼ਾ ਵਿੱਚ ਸਭ ਤੋਂ ਵੱਧ ਗੰਭੀਰਤਾ ਨਾਲ ਸੋਚਣਾ ਪਵੇਗਾ। ਇਸੇ ਤਰ੍ਹਾਂ ਆਰ.ਜੇ.ਡੀ. ਅਤੇ ਜੇ.ਡੀ.ਯੂ. ਪੱਛੜੀਆਂ ਜਾਤਾਂ ਦੀ ਸਿਆਸਤ ਕਰਦੇ ਹਨ, ਜਦਕਿ ਕਾਂਗਰਸ ਦਾ ਝੁਕਾਅ ਵੱਡੀਆਂ ਜਾਤਾਂ ਵੱਲ ਵੀ ਹੈ। ਆਰ.ਜੇ.ਡੀ. ਅਤੇ ਜੇ.ਡੀ.ਯੂ. ਸੂਬਾਈ ਸਿਆਸਤ ਤੱਕ ਹੀ ਸੀਮਤ ਹਨ। ਤਾਮਿਲਨਾਡੂ ਦੇ ਡੀ.ਐਮ.ਕੇ. ਵਾਲਿਆਂ ਦੇ ਆਪਣੇ ਭਾਸ਼ਾਈ ਤੇ ਹੋਰ ਮੁੱਦੇ ਹਨ, ਜਦਕਿ ਕਾਂਗਰਸ ਦੇ ਮੁੱਦੇ ਕੌਮੀ ਪੱਧਰ ਦੇ ਹਨ। ਆਮ ਆਦਮੀ ਪਾਰਟੀ ਦੀਆਂ ਖਾਹਿਸ਼ਾਂ ਵੱਡੀਆਂ ਹਨ, ਪਰ ਨਾ ਉਨ੍ਹਾਂ ਦੀ ਕੋਈ ਆਰਥਿਕ ਨੀਤੀ ਹੈ, ਨਾ ਧਾਰਮਿਕ ਤੇ ਨਾ ਕੋਈ ਵਿਦੇਸ਼ ਨੀਤੀ ਹੈ। ਬਸਪਾ ਵਾਲੇ ਦਲਿਤਾਂ ਦੀ ਸਿਆਸਤ ਕਰਦੇ ਹਨ, ਪਰ ਉਹ ਭਾਜਪਾ ਦੇ ਦਲਿਤ ਵਿਰੋਧੀ ਫੈਸਲਿਆਂ ਬਾਰੇ ਖੁੱਲ੍ਹ ਕੇ ਨਹੀਂ ਬੋਲਦੇ। ਭਾਵੇਂ ਸਭ ਦੇ ਆਪੋ-ਆਪਣੇ ਹਿੱਤ ਹਨ, ਪਰ ਸਭ ਨੂੰ ਆਪਣੀ ਹੋਂਦ ਬਚਾਉਣ ਦਾ ਫ਼ਿਕਰ ਵੀ ਹੈ। ਇਹ ਸਾਰੀਆਂ ਪਾਰਟੀਆਂ ਲੋਕਾਂ ਨੇ ਪਹਿਲਾਂ ਵੇਖੀਆਂ-ਪਰਖੀਆਂ ਹੋਈਆਂ ਹਨ। ਇਨ੍ਹਾਂ ਪਾਰਟੀਆਂ ਨੇ ਚੰਗੇ ਕੰਮ ਵੀ ਕੀਤੇ ਹਨ ਤੇ ਕੁੱਝ ਗਲਤੀਆਂ ਵੀ ਕੀਤੀਆਂ ਹੋਈਆਂ ਹਨ, ਪਰ ਫਿਰ ਵੀ ਕੀ ਕਿਸੇ ਦੇਸ਼ ਵਿੱਚ ਰਾਤੋ-ਰਾਤ ਲੀਡਰਸ਼ਿਪ ਤਿਆਰ ਹੋ ਸਕਦੀ ਹੈ?

ਉਂਝ ਜੇ ਇਹ ਪਾਰਟੀਆਂ ਵਾਕਿਆ ਹੀ ਭਾਜਪਾ ਨੂੰ ਹਰਾਉਣਾ ਚਾਹੁੰਦੀਆਂ ਹਨ ਤਾਂ ਇਨ੍ਹਾਂ ਸਾਰੀਆਂ ਪਾਰਟੀਆਂ ਨੂੰ ਸਿਰ ਜੋੜ ਕੇ ਬੈਠਣਾ ਪਵੇਗਾ ਤੇ ਇਹ ਸੋਚਣਾ ਪਵੇਗਾ ਕਿ ਮਹਿਜ ਇਕੱਠੇ ਹੋ ਕੇ ਉਹ ਭਾਜਪਾ ਨੂੰ ਨਹੀਂ ਹਰਾ ਸਕਦੇ। ਇਸ ਲਈ ਤਾਂ ਆਮ ਲੋਕਾਂ ਦੀ ਨਬਜ਼ ਪਕੜਨੀ ਪਵੇਗੀ। ਅੱਜ ਦੇ ਸਮੇਂ ਮੁਤਾਬਕ ਲੋਕਾਂ ਦੇ ਮੁੱਦੇ ਉਠਾਉਣੇ ਪੈਣਗੇ। ਇੱਕ ਵੱਡੀ ਸੋਚ ਤੇ ਸੰਘਰਸ਼ ਨਾਲ ਹੀ ਇਹ ਲੜਾਈ ਜਿੱਤੀ ਜਾ ਸਕਦੀ ਹੈ, ਨਾ ਕਿ ਮਹਿਜ ਇਕੱਠ ਕਰਨ ਨਾਲ। ਇਹ ਸੰਭਾਵਨਾ ਬਣੀ ਹੋਈ ਹੈ ਕਿ ਇਹ ਗੱਠਜੋੜ ਸਿਰੇ ਜ਼ਰੂਰ ਚੜ੍ਹ ਸਕਦਾ ਹੈ, ਕਿਉਂਕਿ ਇਸ ਵਿੱਚ ਕਿਸੇ ਦਾ ਸਿਆਸੀ ਦੁਸ਼ਮਣ ਕਿਸੇ ਨਾ ਕਿਸੇ ਦਾ ਦੋਸਤ ਵੀ ਹੈ। ਕਾਂਗਰਸ ਦੇ ਨਾਲ ਨਾਲ ਖੇਤਰੀ ਪਾਰਟੀਆਂ ਨੂੰ ਵੀ ਆਪਣੇ ਨਿੱਜੀ ਹਿੱਤਾਂ ਤੋਂ ਉਪਰ ਉਠ ਕੇ ਇਸ ਸਮਝੌਤੇ ਨੂੰ ਸਿਰੇ ਚੜ੍ਹਾਉਣਾ ਪਵੇਗਾ। ਇਹ ਦੇਸ਼ ਵਿਭਿੰਨਤਾ ਵਿੱਚ ਏਕਤਾ ਦਾ ਹਾਮੀ ਹੈ ਤੇ ਜਿੱਥੇ ਇਸ ਏਕਤਾ ਦੀ ਜ਼ਿੰਮੇਵਾਰੀ ਕਾਂਗਰਸ ਸਿਰ ਵੱਧ ਹੈ, ਉੱਥੇ ਖੇਤਰੀ ਪਾਰਟੀਆਂ ਨੂੰ ਵੀ ਏਕਤਾ ਕਾਇਮ ਰੱਖਣ ਲਈ ਲੜੀ ਜਾਣ ਵਾਲੀ ਇਸ ਸਿਆਸੀ ਲੜਾਈ ਵਿੱਚ ਕਾਂਗਰਸ ਦਾ ਡਟ ਕੇ ਸਾਥ ਦੇਣਾ ਪਵੇਗਾ। ਇਸ ਲੇਖ ਵਿੱਚ ਮਹਿਜ ਸਮੀਕਰਣ, ਮੁੱਦੇ, ਸਮੱਸਿਆਵਾਂ ਤੇ ਲੋੜਾਂ ਦਾ ਜ਼ਿਕਰ ਕੀਤਾ ਹੈ। ਉਂਝ ਵੀ ਕਿਸੇ ਦੇਸ਼ ਦੀ ਸਰਕਾਰ ਨੂੰ ਲੋਕ ਹਿੱਤ 'ਚ ਸੋਚਣ ਲਈ ਉੱਥੋਂ ਦੇ ਸਰਗਰਮ ਸੱਤਾਧਾਰੀ ਸਿਆਸਤਦਾਨ ਤੇ ਵਿਰੋਧੀ ਧਿਰ ਵਾਲੇ ਹੀ ਮਜਬੂਰ ਕਰਦੇ ਹਨ। ਜੇ ਵਿਰੋਧੀ ਧਿਰ ਦਾ ਕੋਈ ਕੌਮੀ ਗੱਠਜੋੜ ਬਣਦਾ ਹੈ ਤਾਂ ਉਸ ਦੀ ਜਿੱਤ-ਹਾਰ ਸਬੰਧੀ ਫੈਸਲਾ ਜਨਤਾ ਨੇ ਹੀ ਕਰਨਾ ਹੈ।

PAO
www.paochicago.org

# Punjabi American Organization

ਵਲੋਂ ਮਾਣ ਨਾਲ ਪੇਸ਼ ਹੈ ਮਿਡਵੈਸਟ ਦਾ 19ਵਾਂ ਰੰਗਾਰੰਗ ਪ੍ਰੋਗਰਾਮ


# Teeyan Da Mela-2023

## ਤੀਆਂ ਦਾ ਮੇਲਾ-2023

## Sunday, July 30th, 2023

*Time: 10:30 AM to 4:00 PM*

**Cotillion Banquets** 360 S. Creekside Dr, Palatine, IL 60074



Chief Guest
Dr. Darshan Singh Dhaliwal
& Debra Dhaliwal

Special attraction of the Event
**Shaunkan Mele Di**
For Participants requirements, contact any team member.

Grand Sponsor
Laddi K. Singh
PROFESSIONAL HEALTHCARE LAB, INC

Scan QR for Tickets

**Join us and enjoy**
Giddha, Dholki, Singing, Dancing, Mehndi, Shopping and Food

Tickets: General- $40 *VIP- $100
*VIP Table- $1000
*Kids 6 years to 12 years - $20
*Kids under 5 years - Free admission



Programme Hosted by
Gurleen Kaur
*TV Host/MC*

- *Lunch will be served between 12pm to 2pm*
- *Food included with the ticket price*







***For General inquiries & Sponsors***

Minni Multani 630-935-5239
Naina Singh 847-828-9412
Jasmeet Suga 630-673-6300
Joti Khaira 630-277-1649
Raj Mago 630-890-1362
Naiha Walia 847-687-9074
Jeevan Dhami 847-409-4675
Pinki Walia 847-999-8720
Prabh Khaira 630-267-2107
Sukhi Singh 847-917-3664
Rosie Rehal 630-699-8555
Sheetal 630-442-3334

*Performances/Stalls* Shaloo Chhabra 813-317-6815 Gurpreet K. Singh 630-677-6144
*Tickets* Kamal Hunjan 630-673-5156 Pammi Sangha 630-965-2930 Jolly Dandona 847-630-6417

"Volunteers and new members needed. High school volunteers will get community service hours"

Design by Kuljeet Dyalpuri

PAO
www.paochicago.org

# Punjabi American Organization

“ਤੀਆਂ ਦਾ ਮੇਲਾ–2023” ਦੇ ਮਾਣਯੋਗ ਸਪਾਂਸਰ

## Grand Sponsors

**Jasmeet & Jasbir Suga**
SUGA BUILDERS & CONSTRUCTION
COMMERCIAL & RESIDENTIAL
LICENSED • BONDED • INSURED

**Jodi and Mac Bhamra**

**Minni and Gulzar Singh**
PAN-OCEANIC ENGINEERING CO., INC.
General Contractor (certified MBE)

## Sponsors

**Malinder (Rani) K. Dandona**

**Sukhi and Jesse Singh**
RE/MAX #1



Cell: (847) 606-3664 Cell: (847) 571-0097
Jesse/Salome Team
BROKER/REALTOR

**Naina & Davinder Singh**
THE GODDARD SCHOOL® FOR EARLY CHILDHOOD DEVELOPMENT



Owner - Naina Singh
Chicago - West Loop
312-625-8866

**Kamal & Lucky Sahota**
Safeway Transportation Services Corp.

**Vibha Rajput**
Saiba Plaza

**Kamal & Inder Hunjan**

**Satwant and Avtar S. Multani**



TERABYTE TRUCKING

**Joti & Dr. Harjinder Khaira**
FAMILY AND COSMETIC DENTISTRY
LAKE STREET DENTAL
630.894.8008

**Jagjit & Sarbjit Sehra**
J K Cargo Trucking Co.

**Satwant K. Kaler**
Kaler Brothers

**Sher-E-Punjab Sports Club, Chicago**

**Punjab Sports Club, Chicago**

SWERA Women Support Group
ਸਵੇਰਾ
SIKH WOMEN ERA

**Raj & Bhupinder Dhaliwal**

**Rupi and Savi Attal**
**Pammi & Amritpal Sangha**

**Hardeep Gill**
**Madeep & Harkewal Lally**

**Deep & Parminder Walia**
**Alka & Parjesh Patel**

# ਪੰਜਾਬ ਸਰਕਾਰ ਤੇ ਰਾਜ ਭਵਨ ਵਿਚਾਲੇ ਪੇਚਾ-ਦਰ-ਪੇਚਾ



ਕਮਲਜੀਤ ਸਿੰਘ ਬਨਵੈਤ
ਫੋਨ: +91-98147-34035



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵਿਚ ਅਣਬਣ ਕੋਈ ਨਵੀਂ ਗੱਲ ਨਹੀਂ ਹੈ। ਪੰਜਾਬ ਵਿੱਚ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਸੀ ਤਾਂ ਉਸ ਤੋਂ ਛੇਤੀ ਬਾਅਦ ਦੋਹਾਂ ਧਿਰਾਂ ਵਿਚ ਪੇਚਾ ਪੈਣਾ ਸ਼ੁਰੂ ਹੋ ਗਿਆ ਸੀ। ਕਿਸੇ ਵੀ ਸੂਬੇ ਦੇ ਮੁੱਖ ਮੰਤਰੀ ਅਤੇ ਰਾਜਪਾਲ ਵਿਚ ਟਕਰਾਅ ਵੀ ਕੋਈ ਨਵੀਂ ਗੱਲ ਨਹੀਂ ਹੈ। ਮੁਲਕ ਦੇ ਜਿਸ ਵੀ ਸੂਬੇ ਵਿੱਚ ਗੈਰ-ਭਾਜਪਾ ਸਰਕਾਰਾਂ ਹਨ, ਉਥੇ ਇਹ ਕਾਟੋ ਕਲੇਸ਼ ਪੈ ਚੁੱਕਾ ਹੈ। ਪੰਜਾਬ ਵਿਧਾਨ ਸਭਾ ਦੇ 19 ਅਤੇ 20 ਜੂਨ ਨੂੰ ਚੱਲੇ ਦੋ ਦਿਨਾ ਸੈਸ਼ਨ ਵਿੱਚ ਪਾਸ ਕੀਤੇ ਬਿੱਲ ਨੂੰ ਲੈ ਕੇ ਰੇੜਕਾ ਪਿਆ ਹੀ ਹੋਇਆ ਹੈ, ਉਪਰੋਂ ਇਸ ਬੈਠਕ ਦੇ ਕਾਨੂੰਨੀ ਜਾਂ ਗੈਰ-ਕਾਨੂੰਨੀ ਹੋਣ 'ਤੇ ਵੀ ਸਵਾਲ ਉੱਠਣ ਲੱਗੇ ਹਨ। ਮੁੱਖ ਮੰਤਰੀ ਦਫ਼ਤਰ ਇਸ ਨੂੰ ਕਾਨੂੰਨੀ ਤੌਰ 'ਤੇ ਵਾਜਬ ਅਤੇ ਰਾਜ ਭਵਨ ਗੈਰ-ਵਾਜਬ ਸਿੱਧ ਕਰਨ ਲਈ ਇੱਕ ਦੂਜੇ ਨਾਲ ਚੁੰਝ ਫਸਾਉਣ ਲੱਗੇ ਹਨ। ਦੋਹਾਂ ਧਿਰਾਂ ਵੱਲੋਂ ਕਾਨੂੰਨ ਦਾ ਸਹਾਰਾ ਵੀ ਲਿਆ ਜਾਣ ਲੱਗਾ ਹੈ।

ਵਿਧਾਨ ਸਭਾ ਦੇ ਦੋ ਦਿਨਾ ਸੈਸ਼ਨ ਦੌਰਾਨ ਪਾਸ ਹੋਏ ਬਿੱਲਾਂ ਦੀ ਗੱਲ ਕਰੀਏ ਤਾਂ ਗੁਰਦੁਆਰਾ ਐਕਟ 1925 ਵਿੱਚ ਸੋਧ ਨੂੰ ਸਿੱਖਾਂ ਦੇ ਮਾਮਲਿਆਂ ਵਿੱਚ ਸਿੱਧੀ ਦਖਲ ਅੰਦਾਜ਼ੀ ਦੱਸ ਕੇ ਇਸ ਦਾ ਵਿਰੋਧ ਸ਼ੁਰੂ ਹੋ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਾਂ ਜਨਰਲ ਇਜਲਾਸ ਸੱਦ ਕੇ ਬਿੱਲ ਨੂੰ ਰੱਦ ਕਰ ਦਿੱਤਾ ਹੈ। ਕਮੇਟੀ ਨੇ ਬਿੱਲ ਵਾਪਸ ਨਾ ਲਏ ਜਾਣ ਦੀ ਸੂਰਤ ਵਿੱਚ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ ਹੈ। ਇਸ ਗੱਲ ਨੂੰ ਚਹੁੰ ਪਾਸਿਓਂ ਖੂਬ ਰਿੜਕਿਆ ਜਾ ਰਿਹਾ ਹੈ। ਫਿਲਹਾਲ ਇਹ ਮਸਲਾ ਸਿਆਸੀ ਰੂਪ ਅਖਤਿਆਰ ਕਰ ਜਾਣ ਕਾਰਨ ਕਿਸੇ ਤਣ-ਪੱਤਣ ਲੱਗਦਾ ਨਜ਼ਰ ਨਹੀਂ ਆ ਰਿਹਾ।

ਰਾਜਪਾਲ ਤੋਂ ਸਰਕਾਰੀ ਯੂਨੀਵਰਸਿਟੀਆਂ ਦੇ ਚਾਂਸਲਰ ਦਾ ਅਹੁਦਾ ਵਾਪਸ ਲਿਆ ਗਿਆ ਹੈ। ਸੂਬੇ ਦੀਆਂ ਸਰਕਾਰੀ ਯੂਨੀਵਰਸਿਟੀਆਂ ਦੇ ਚਾਂਸਲਰ ਦੀ ਹੈਸੀਅਤ ਵਿੱਚ ਰਾਜਪਾਲ ਕੋਲ ਉਪ-ਕੁਲਪਤੀ ਨਿਯੁਕਤ ਕਰਨ ਦੇ ਅਖ਼ਤਿਆਰ ਹਨ। ਵਿਧਾਨ ਸਭਾ ਦਾ ਬਿੱਲ ਜੇ ਕਾਨੂੰਨ ਬਣ ਜਾਂਦਾ ਹੈ ਤਾਂ ਇਹ ਅਧਿਕਾਰ ਮੁੱਖ ਮੰਤਰੀ ਕੋਲ ਆ ਜਾਵੇਗਾ। ਪੰਜਾਬ ਦੀਆਂ ਦੋ ਸਰਕਾਰੀ ਯੂਨੀਵਰਸਿਟੀਆਂ ਦੇ ਉਪ ਕੁਲਪਤੀ ਦੀ ਨਿਯੁਕਤੀ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਰਾਜ ਭਵਨ ਵਿਚ ਖੜਕ ਪਈ ਸੀ। ਅਜਿਹੇ ਬਿੱਲ ਮੁਲਕ ਦੇ 5 ਹੋਰ ਸੂਬਿਆਂ ਵੱਲੋਂ ਵੀ ਪਾਸ ਕੀਤੇ ਜਾ ਚੁੱਕੇ ਹਨ, ਪਰ ਉਨ੍ਹਾਂ ਵਿਚੋਂ ਚਾਰ ਕੋਰਟਾਂ ਦੀ ਘੁੰਮਣਘੇਰੀ ਵਿੱਚ ਫਸ ਕੇ ਰਹਿ ਗਏ ਹਨ, ਜਦਕਿ ਇੱਕ ਹੋਰ ਸਰਕਾਰ ਵੱਲੋਂ ਇਹ ਬਿੱਲ ਵਾਪਸ ਲੈ ਲਿਆ ਗਿਆ ਹੈ।

ਤੀਜੇ ਬਿੱਲ ਰਾਹੀਂ ਪੰਜਾਬ ਦੇ ਪੁਲੀਸ ਮੁਖੀ ਦੀ ਨਿਯੁਕਤੀ ਦਾ ਹੱਕ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ.ਪੀ.ਐਸ.ਸੀ.) ਤੋਂ ਵਾਪਸ ਲੈਣ ਨਾਲ ਸਬੰਧਤ ਪ੍ਰਸਤਾਵ ਉਤੇ ਮੋਹਰ ਲਾਈ ਗਈ ਹੈ। ਇਸ ਗੱਲ ਦਾ ਸਿੱਧਾ ਸਬੰਧ ਚਾਹੇ ਰਾਜਪਾਲ ਨਾਲ ਨਹੀਂ ਹੈ, ਪਰ ਉਨ੍ਹਾਂ ਦੀ ਨਿਯੁਕਤੀ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਸਰਕਾਰ ਵੱਲੋਂ ਕੀਤੀ ਗਈ ਹੈ। ਕੇਂਦਰ ਦੀ ਭਾਜਪਾ ਸਰਕਾਰ ਨੂੰ ਇਹ ਸੋਧ ਕਿਸੇ ਵੀ ਤਰ੍ਹਾਂ ਗਵਾਰਾ ਨਹੀਂ ਹੋਵੇਗੀ।

ਇਸ ਕਰਕੇ ਤਿੰਨਾਂ ਬਿਲਾਂ ਦੀ ਹੋਣੀ ਉੱਤੇ ਸੁਆਲ ਲੱਗ ਰਹੇ ਹਨ। ਰਾਜਪਾਲ ਕੋਲ ਅਖਤਿਆਰ ਹੈ ਕਿ ਉਹ ਇਨ੍ਹਾਂ ਉੱਤੇ ਮਨਜ਼ੂਰੀ ਦੀ ਮੋਹਰ ਲਾਏ ਬਗ਼ੈਰ ਵਾਪਸ ਭੇਜ ਦੇਵੇ ਜਾਂ ਰਾਸ਼ਟਰਪਤੀ ਕੋਲ ਵੀ ਰੈਫਰ ਕੀਤਾ ਜਾ ਸਕਦਾ ਹੈ। ਉਨ੍ਹਾਂ ਦੀ ਇਹ ਹੀ ਮਰਜ਼ੀ ਹੈ ਕਿ ਉਹ ਬਿੱਲਾਂ ਵਾਲੀਆਂ ਫਾਈਲਾਂ ਨੂੰ ਧੂੜ ਫੱਕਣ ਲਈ ਕਿਧਰੇ ਦੂਰ ਰੱਖ ਦੇਣ। ਜਾਣਕਾਰੀ ਅਨੁਸਾਰ ਰਾਜਪਾਲ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਕਾਨੂੰਨੀ ਸਲਾਹ ਮਸ਼ਵਰਾ ਲੈ ਰਹੇ ਹਨ।

ਹਾਲ ਦੀ ਘੜੀ ਇਨ੍ਹਾਂ ਗੱਲਾਂ ਬਾਰੇ ਸ਼ੁਰੂ ਹੋਈ ਚਰਚਾ ਮੱਠੀ ਪੈ ਗਈ ਹੈ, ਪਰ ਪਿਛਲੇ ਮਹੀਨੇ ਵਿਧਾਨ ਸਭਾ ਦੇ ਸੱਦੇ ਗਏ ਦੋ ਦਿਨਾ ਸੈਸ਼ਨ ਨੂੰ ਲੈ ਕੇ ਦੋਵੇਂ ਧਿਰਾਂ ਉਲਝ ਗਈਆਂ ਹਨ। ਰਾਜ ਭਵਨ ਵੱਲੋਂ ਦੋ ਦਿਨਾ ਸੈਸ਼ਨ ਨੂੰ ਗ਼ੈਰ-ਕਾਨੂੰਨੀ ਕਰਾਰ ਦੇਣ ਲਈ ਸੰਵਿਧਾਨ, ਲੋਕ ਸਭਾ ਅਤੇ ਵਿਧਾਨ ਸਭਾ ਦੇ ਕਾਨੂੰਨ ਪੜ੍ਹਨੇ ਸ਼ੁਰੂ ਕਰ ਦਿੱਤੇ ਗਏ ਹਨ। ਪੰਜਾਬ ਸਰਕਾਰ ਇਸ ਨੂੰ ਬਜਟ ਸੈਸ਼ਨ ਦਾ ਵਿਸ਼ਾ ਦੱਸ ਕੇ ਆਪਣੇ-ਆਪ ਨੂੰ ਸੁਰਖਰੂ ਮਹਿਸੂਸ ਕਰ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਅਜਿਹੀ ਸੂਰਤ ਵਿਚ ਸਪੀਕਰ ਨੂੰ ਸੈਸ਼ਨ ਬੁਲਾਉਣ ਦਾ ਹੱਕ ਹੁੰਦਾ ਹੈ। ਇਸ ਦੀ ਬਾਕਾਇਦਾ ਤੌਰ 'ਤੇ ਪ੍ਰਵਾਨਗੀ ਮੰਤਰੀ ਮੰਡਲ ਵੱਲੋਂ ਵੀ ਲਈ ਗਈ ਸੀ।

ਪੰਜਾਬ ਸਰਕਾਰ ਵੱਲੋਂ ਰਾਜਪਾਲ ਨੂੰ ਭੇਜੇ ਪੱਤਰ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿਧਾਨ ਸਭਾ ਇਸ ਪ੍ਰੈਕਟਿਸ ਨੂੰ ਕਰਨ ਵਾਲੀ ਪਹਿਲੀ ਸਰਕਾਰ ਜਾਂ ਵਿਧਾਨ ਸਭਾ ਨਹੀਂ ਹੈ। ਇਸ ਤੋਂ ਪਹਿਲਾਂ ਅੱਠਵੀਂ ਲੋਕ ਸਭਾ ਦੀ ਇੱਕ ਬੈਠਕ ਸੱਦਣ ਵੇਲੇ ਵੀ ਰਾਸ਼ਟਰਪਤੀ ਤੋਂ ਇਜਾਜ਼ਤ ਨਹੀਂ ਲਈ ਗਈ ਸੀ। ਵਿਧਾਨ ਸਭਾ ਨੇ ਆਪਣੇ ਪੱਤਰ ਵਿੱਚ ਦੱਸਿਆ ਹੈ ਕਿ 8ਵੀਂ ਲੋਕ ਸਭਾ ਬੈਠਕ 23 ਅਪਰੈਲ 1967 ਨੂੰ ਸੱਦੀ ਗਈ ਸੀ ਅਤੇ 12 ਮਈ ਨੂੰ ਅਣਮਿੱਥੇ ਸਮੇਂ ਲਈ ਉਠਾਅ ਦਿੱਤੀ ਗਈ ਸੀ; ਪਰ 27 ਜੁਲਾਈ 1967 ਨੂੰ ਮੁੜ ਲੋਕ ਸਭਾ ਦਾ ਸੈਸ਼ਨ ਸੱਦ ਲਿਆ ਗਿਆ ਸੀ, ਜੋ 28 ਅਗਸਤ ਤੱਕ ਚੱਲਿਆ ਸੀ। ਜਦੋਂ ਤਕ ਸਦਨ ਦਾ ਉਠਾਅ ਨਾ ਹੋ ਜਾਵੇ, ਉਸ ਸਮੇਂ ਤੱਕ ਸਪੀਕਰ ਜਦੋਂ ਮਰਜ਼ੀ ਸਰਕਾਰ ਵੱਲੋਂ ਕਹਿਣ 'ਤੇ ਬੈਠਕ ਸੱਦ ਸਕਦਾ ਹੈ। ਇਸੇ ਤਰ੍ਹਾਂ ਦੀ ਕਾਰਵਾਈ ਪੰਜਾਬ ਦੀ ਪਿਛਲੀ ਕਾਂਗਰਸ ਸਰਕਾਰ ਵੇਲੇ ਵੀ ਦੋ ਵਾਰ ਹੋਈ ਸੀ। ਦੋਵੇਂ ਧਿਰਾਂ ਇੱਕ ਦੂਜੇ ਨੂੰ ਘੇਰਨ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੀਆਂ ਅਤੇ ਕਾਨੂੰਨੀ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਤੇ ਵਕੀਲਾਂ ਦੀ ਸਲਾਹ ਵੀ ਲਈ ਜਾ ਰਹੀ ਹੈ।

ਪੰਜਾਬ ਸਰਕਾਰ ਦਾ ਟਾਕਰਾ ਰਾਜਪਾਲ ਨਾਲ ਹੋਵੇ ਜਾਂ ਕੇਂਦਰ ਸਰਕਾਰ ਨਾਲ ਅਣਬਣ ਚੱਲ ਪਵੇ, ਦੋਹਾਂ ਪਾਸਿਆਂ ਤੋਂ ਨੁਕਸਾਨ ਪੰਜਾਬ ਦੇ ਲੋਕਾਂ ਦਾ ਹੁੰਦਾ ਹੈ। ਪੰਜਾਬ ਸਰਕਾਰ ਅਨੁਸਾਰ ਰਾਜਪਾਲ ਸਰਕਾਰ ਦੇ ਕੰਮਾਂ ਵਿੱਚ ਅੜਿੱਕਾ ਪਾ ਰਹੇ ਹਨ। ਕੇਂਦਰ ਸਰਕਾਰ ਨੇ ਪੰਜਾਬ ਨੂੰ ਵਿੱਤੀ ਮਦਦ ਦੇਣ ਤੋਂ ਹੱਥ ਘੁੱਟਣਾ ਸ਼ੁਰੂ ਕਰ ਦਿੱਤਾ ਹੈ। ਕਈ ਤਰ੍ਹਾਂ ਦੇ ਫੰਡ ਰੋਕ ਲਏ ਗਏ ਹਨ ਅਤੇ ਗਰਾਂਟਾਂ ਉੱਤੇ ਕਾਟਾ ਫੇਰ ਦਿੱਤਾ ਗਿਆ ਹੈ। ਪੰਜਾਬ, ਜੋ ਪਹਿਲਾਂ ਹੀ ਵਿੱਤੀ ਸੰਕਟ ਨਾਲ ਜੂਝ ਰਿਹਾ ਹੈ, ਦੇ ਸਿਰ 'ਤੇ ਕਰਜ਼ੇ ਦੀ ਪੰਡ ਹੋਰ ਭਾਰੀ ਹੋ ਜਾਵੇਗੀ।

# ਅਮਰੀਕਾ: ਸੰਘੀ ਕਰਜ਼ੇ ਦੀ ਸੀਮਾ ਅਤੇ ਵਿੱਤੀ ਚੁਣੌਤੀਆਂ

ਜੀ. ਐਸ. ਢਿੱਲੋਂ




ਸੰਯੁਕਤ ਰਾਜ ਅਮਰੀਕਾ ਨੇ ਇਸ ਸਾਲ ਇੱਕ ਵਾਰ ਫਿਰ ਆਪਣੀ ਕਰਜ਼ੇ ਦੀ ਸੀਮਾ ਨੂੰ ਵਧਾਇਆ, ਜੋ 31.4 ਟ੍ਰਿਲੀਅਨ ਡਾਲਰ ਤੱਕ ਸੀਮਿਤ ਹੋ ਗਿਆ। ਡਿਫਾਲਟ ਨੂੰ ਰੋਕਣ ਲਈ "ਉੱਚ-ਗੁਣਵੱਤਾ ਵਾਲੇ ਉਪਾਵਾਂ" ਦੀ ਵਰਤੋਂ ਦੇ ਕਈ ਮਹੀਨਿਆਂ ਬਾਅਦ, ਸੰਸਦ ਮੈਂਬਰਾਂ ਨੇ 3 ਜੂਨ 2023 ਨੂੰ ਪਹਿਲੀ ਜਨਵਰੀ 2025 ਤੱਕ ਕਰਜ਼ੇ ਦੀ ਸੀਮਾ ਨੂੰ ਮੁਅੱਤਲ ਕਰਨ ਲਈ ਨੀਤੀਆਂ ਲਾਗੂ ਕੀਤੀਆਂ ਹਨ।

ਜੇ ਕਰਜ਼ੇ ਦੀ ਸੀਮਾ ਨੂੰ ਨਾ ਵਧਾਇਆ ਜਾਂਦਾ ਜਾਂ ਮੁਅੱਤਲ ਨਾ ਕੀਤਾ ਜਾਂਦਾ ਤਾਂ ਇਸ ਦੇ ਕਈ ਗੰਭੀਰ ਨਤੀਜੇ ਸਾਹਮਣੇ ਆਉਣੇ ਸਨ। ਇਸ ਨਾਲ ਹਰੇਕ ਸੰਘੀ ਅਥਾਰਟੀਆਂ ਅਤੇ ਆਰਥਿਕ ਪ੍ਰਣਾਲੀ 'ਤੇ ਤੀਬਰ ਪ੍ਰਭਾਵ ਹੋ ਸਕਦੇ ਸਨ।

ਇਨਕਮਿੰਗ ਰੈਵੇਨਿਊ ਲਈ ਸੀਮਤ ਖਰਚ ਦੇ ਨਾਲ ਫੈਡਰਲ ਅਥਾਰਟੀਆਂ ਨੂੰ ਕਰਮਚਾਰੀਆਂ ਦੇ ਬਿੱਲਾਂ ਨੂੰ ਬੰਦ ਕਰਨ ਲਈ ਮਜ਼ਬੂਰ ਹੋਣਾ ਪੈ ਸਕਦਾ ਸੀ, ਇਕਰਾਰਨਾਮਿਆਂ ਦੀ ਉਲੰਘਣਾ ਕਰਨੀ ਪੈ ਸਕਦੀ ਸੀ ਅਤੇ ਪ੍ਰੈਜ਼ੀਡੈਂਸੀ ਪ੍ਰੋਗਰਾਮਾਂ (ਜਿਸ ਵਿੱਚ ਸਮਾਜਿਕ ਸੁਰੱਖਿਆ ਅਤੇ ਮੈਡੀਕੇਅਰ ਸ਼ਾਮਲ ਹਨ) ਦੇ ਲਾਭਪਾਤਰੀਆਂ ਦੇ ਬਿੱਲਾਂ ਵਿੱਚ ਦੇਰੀ ਜਾਂ ਕਮੀ ਹੋ ਸਕਦੀ ਸੀ। ਭਾਵੇਂ ਕਿ ਖਜ਼ਾਨਾ ਵਿਭਾਗ ਨੇ ਆਮ ਜਨਤਾ ਦੇ ਕਰਜ਼ੇ 'ਤੇ ਸਮੇਂ ਸਿਰ ਪ੍ਰਮੁੱਖ ਅਤੇ ਵਿਆਜ ਬਿੱਲਾਂ ਨੂੰ ਬਣਾਉਣਾ ਜਾਰੀ ਰੱਖਿਆ ਹੋ ਸਕਦਾ ਹੈ, ਅਧਿਕਾਰੀਆਂ ਦੀ ਕਰਜ਼ੇ ਦੀ ਸੰਭਾਵਨਾ ਬਾਰੇ ਚਿੰਤਾਵਾਂ ਨੇ ਅਧਿਕਾਰੀਆਂ ਦੇ ਉਧਾਰ ਲੈਣ ਦੀ ਲਾਗਤ ਨੂੰ ਉੱਪਰ ਵੱਲ ਧੱਕਣ ਅਤੇ ਵਧਾਉਣ ਲਈ ਪ੍ਰੇਰਿਤ ਕੀਤਾ ਹੈ।

ਡਿਫਾਲਟ ਹੋਣ ਦਾ ਖਤਰਾ ਸੰਯੁਕਤ ਰਾਜ ਅਮਰੀਕਾ ਦੀ ਆਪਣੀਆਂ ਵਚਨਬੱਧਤਾਵਾਂ ਦਾ ਸਨਮਾਨ ਕਰਨ ਦੀ ਇੱਛਾ ਬਾਰੇ ਸਵਾਲ ਉਠਾਉਂਦਾ ਹੈ, ਦੇਸ਼ ਦੀ ਉਧਾਰ ਯੋਗਤਾ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਵਿੱਤੀ ਪ੍ਰਣਾਲੀ ਨੂੰ ਪ੍ਰਭਾਵਤ ਕਰਦਾ ਹੈ। ਪੀ.ਜੀ.ਪੀ.ਐੱਫ. ਦੁਆਰਾ ਫੰਡ ਕੀਤੇ ਗਏ ਮੈਕਰੋ-ਆਰਥਿਕ ਸਲਾਹਕਾਰਾਂ ਦੁਆਰਾ ਕੀਤੇ ਗਏ ਇੱਕ ਅਧਿਐਨ ਨੇ 2 ਜਨਵਰੀ 2013 ਨੂੰ ਹੱਲ ਕੀਤੇ ਗਏ "ਫਿਸਕਲ ਕਲਿਫ" ਐਪੀਸੋਡ ਵਰਗੀਆਂ ਵਿੱਤੀ ਕਮਜ਼ੋਰੀਆਂ ਦੀਆਂ ਪਿਛਲੀਆਂ ਸਥਿਤੀਆਂ ਦੇ ਆਰਥਿਕ ਪ੍ਰਭਾਵਾਂ ਦਾ ਵਿਸ਼ਲੇਸ਼ਣ ਕੀਤਾ। ਅਧਿਐਨ ਵਿੱਚ ਪਾਇਆ ਗਿਆ ਕਿ ਉਧਾਰ ਲੈਣ 'ਤੇ ਇੱਕ ਸੰਖੇਪ ਪਾਬੰਦੀ ਵੀ ਕਰਜ਼ੇ ਦੀ ਸੀਮਾ ਆਰਥਿਕਤਾ ਨੂੰ ਮੁੜ ਮੰਦੀ ਵਿੱਚ ਧੱਕ ਸਕਦੀ ਸੀ। ਉਧਾਰ ਲੈਣ ਵਿੱਚ ਇੱਕ ਲੰਮੀ ਰੁਕਾਵਟ ਦੇ ਨਤੀਜੇ ਵਜੋਂ ਲਗਭਗ 3 ਮਿਲੀਅਨ ਨੌਕਰੀਆਂ ਦੇ ਨੁਕਸਾਨ ਦੇ ਨਾਲ ਇੱਕ ਲੰਮੀ ਆਰਥਿਕ ਮੰਦੀ ਹੋ ਸਕਦੀ ਸੀ।

ਮੂਡੀਜ਼ ਐਨਾਲਿਸਟਿਕਸ ਦੀ 2023 ਦੀ ਰਿਪੋਰਟ ਨੇ ਸੰਘੀ ਕਰਜ਼ੇ ਦੀ ਸੀਮਾ ਦੀ ਉਲੰਘਣਾ ਦੇ ਸੰਭਾਵੀ ਨਤੀਜਿਆਂ ਨੂੰ ਹੋਰ ਉਜਾਗਰ ਕੀਤਾ ਹੈ। ਇੱਥੋਂ ਤੱਕ ਕਿ ਇੱਕ ਛੋਟੀ ਮਿਆਦ ਦੀ ਉਲੰਘਣਾ ਵੀ ਕੁੱਲ ਘਰੇਲੂ ਉਤਪਾਦ ਨੂੰ ਘਟਾ ਸਕਦੀ ਹੈ, 2 ਮਿਲੀਅਨ ਨੌਕਰੀਆਂ ਦੇ ਨੁਕਸਾਨ ਦਾ ਕਾਰਨ ਬਣ ਸਕਦੀ ਹੈ, ਅਤੇ ਅਮਰੀਕੀ ਘਰੇਲੂ ਦੌਲਤ ਵਿੱਚ ਖਰਬਾਂ ਡਾਲਰਾਂ ਦਾ ਸਫਾਇਆ ਕਰ ਸਕਦੀ ਹੈ। ਜੇਕਰ ਉਲੰਘਣਾ ਲੰਬੇ ਸਮੇਂ ਲਈ ਜਾਰੀ ਰਹੇ, ਤਾਂ ਇਹ ਪ੍ਰਭਾਵ ਹੋਰ ਵੀ ਗੰਭੀਰ ਹੋ ਸਕਦੇ ਹਨ।

ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਕਰਜ਼ੇ ਦੀ ਸੀਮਾ ਨੂੰ ਵਧਾਉਣਾ ਨਵੇਂ ਖਰਚਿਆਂ ਨੂੰ ਅਧਿਕਾਰਤ ਨਹੀਂ ਕਰਦਾ ਹੈ। ਇਸ ਦੀ ਬਜਾਏ ਇਹ ਖਜ਼ਾਨਾ ਵਿਭਾਗ ਨੂੰ ਪਿਛਲੇ ਕਾਨੂੰਨ ਅਧੀਨ ਸਰਕਾਰ ਦੁਆਰਾ ਪਹਿਲਾਂ ਹੀ ਕੀਤੇ ਗਏ ਵਾਅਦੇ ਪੂਰੇ ਕਰਨ ਦੇ ਯੋਗ ਬਣਾਉਂਦਾ ਹੈ। ਅਸਲ ਖਰਚਿਆਂ ਨੂੰ ਸੰਬੋਧਿਤ ਕਰਨ ਲਈ, ਕਾਨੂੰਨ ਨਿਰਮਾਤਾਵਾਂ ਨੂੰ ਉਨ੍ਹਾਂ ਕਾਨੂੰਨਾਂ ਨੂੰ ਬਦਲਣ 'ਤੇ ਧਿਆਨ ਦੇਣਾ ਚਾਹੀਦਾ ਹੈ, ਜੋ ਪਹਿਲਾਂ ਫੰਡ ਪ੍ਰਦਾਨ ਕਰਦੇ ਹਨ।

ਡੈਮੋਕਰੇਟਿਕ ਅਤੇ ਰਿਪਬਲਿਕਨ- ਦੋਵਾਂ ਪ੍ਰਸ਼ਾਸਨਾਂ ਦੇ ਅਧੀਨ, 1959 ਤੋਂ ਲੈ ਕੇ ਕੁੱਲ 90 ਵਾਰ, ਅਤੀਤ ਵਿੱਚ ਕਰਜ਼ੇ ਦੀ ਸੀਮਾ ਨੂੰ ਕਈ ਵਾਰ ਵਧਾਇਆ ਗਿਆ ਹੈ; ਜਦੋਂ ਕਿ ਸੰਸਦ ਮੈਂਬਰਾਂ ਨੇ ਕਦੇ-ਕਦਾਈਂ ਕਰਜ਼ੇ ਦੀ ਸੀਮਾ ਨੂੰ ਵਧਾਉਣ ਦੇ ਨਾਲ-ਨਾਲ ਵਿੱਤੀ ਸੁਧਾਰਾਂ ਨੂੰ ਸੰਬੋਧਿਤ ਕੀਤਾ ਹੈ। ਦੇਸ਼ ਦੇ ਵਧ ਰਹੇ ਕਰਜ਼ੇ ਨੂੰ ਰੋਕਣ ਲਈ ਇਹ ਸੀਮਾ ਆਪਣੇ ਆਪ ਵਿੱਚ ਬੇਅਸਰ ਸਾਬਤ ਹੋਈ ਹੈ। 8 ਜਨਵਰੀ 1835 ਨੂੰ ਰਾਸ਼ਟਰਪਤੀ ਐਂਡਰਿਊ ਜੈਕਸਨ ਨੇ ਪੂਰੇ ਰਾਸ਼ਟਰੀ ਕਰਜ਼ੇ ਦਾ ਭੁਗਤਾਨ ਕੀਤਾ, ਜੋ ਕਿ ਅਮਰੀਕੀ ਇਤਿਹਾਸ ਵਿੱਚ ਇੱਕੋ ਇੱਕ ਵਾਰ ਪੂਰਾ ਹੋਇਆ ਹੈ।

ਕਰਜ਼ੇ ਨੂੰ ਸਥਿਰ ਕਰਨਾ ਸੰਯੁਕਤ ਰਾਜ ਲਈ ਠੋਸ ਆਰਥਿਕ ਨੀਤੀ ਅਤੇ ਰਣਨੀਤੀ ਦਾ ਇੱਕ ਜ਼ਰੂਰੀ ਪਹਿਲੂ ਹੈ। ਖਰਚਿਆਂ ਅਤੇ ਮਾਲੀਏ ਵਿਚਕਾਰ ਢਾਂਚਾਗਤ ਅਸੰਤੁਲਨ ਨੂੰ ਬੰਦ ਕਰਨ ਲਈ ਮੁਸ਼ਕਲ ਫੈਸਲੇ ਲਏ ਬਿਨਾ ਫੈਡਰਲ ਕਰਜ਼ਾ ਅਸਥਾਈ ਪੱਧਰਾਂ 'ਤੇ ਚੜ੍ਹਨਾ ਜਾਰੀ ਰੱਖੇਗਾ, ਦੇਸ਼ ਦੀ ਆਰਥਿਕਤਾ ਅਤੇ ਭਵਿੱਖ ਦੀ ਖੁਸ਼ਹਾਲੀ ਨੂੰ ਖ਼ਤਰੇ ਵਿੱਚ ਪਾਉਂਦਾ ਰਹੇਗਾ। ਭਵਿੱਖ ਦੇ ਨਿਵੇਸ਼ਾਂ ਲਈ ਲੋੜੀਂਦੇ ਸਰੋਤਾਂ ਨੂੰ ਯਕੀਨੀ ਬਣਾਉਣ, ਮਹੱਤਵਪੂਰਨ ਪ੍ਰੋਗਰਾਮਾਂ ਦੀ ਸੁਰੱਖਿਆ ਤੇ ਮਜ਼ਬੂਤ ਆਰਥਿਕ ਵਿਕਾਸ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਮੌਕੇ ਨੂੰ ਉਤਸ਼ਾਹਿਤ ਕਰਨ ਲਈ ਦੇਸ਼ ਦੀਆਂ ਵਿੱਤੀ ਚੁਣੌਤੀਆਂ ਨੂੰ ਹੱਲ ਕਰਨਾ ਬਹੁਤ ਜਰੂਰੀ ਹੈ।

ਸੰਕਟ ਦੇ ਮਾਧਿਅਮ ਨਾਲ ਸ਼ਾਸਨ ਕਰਨ ਦੀ ਬਜਾਏ, ਦੇਸ਼ ਦੀ ਕਰਜ਼ਯੋਗਤਾ ਨੂੰ ਖਤਰੇ ਵਿੱਚ ਪਾਉਣ ਦੀ ਬਜਾਏ, ਕਾਨੂੰਨ ਨਿਰਮਾਤਾਵਾਂ ਨੂੰ ਕਰਜ਼ੇ ਨੂੰ ਸਥਿਰ ਕਰਨ ਅਤੇ ਇਸਦੇ ਤੇਜ਼ ਵਾਧੇ ਨੂੰ ਰੋਕਣ ਲਈ ਵਿਆਪਕ ਖਰਚ ਅਤੇ ਮਾਲੀਆ ਵਿਕਲਪਾਂ ਨੂੰ ਧਿਆਨ ਵਿੱਚ ਰੱਖਦਿਆਂ ਕੰਮ ਕਰਨਾ ਚਾਹੀਦਾ ਹੈ। ਸਿਰਫ਼ ਜ਼ਿੰਮੇਵਾਰ ਵਿੱਤੀ ਪ੍ਰਬੰਧਨ ਰਾਹੀਂ ਹੀ ਸੰਯੁਕਤ ਰਾਜ ਅਮਰੀਕਾ ਆਪਣੀ ਆਰਥਿਕ ਸਥਿਰਤਾ ਦੀ ਰਾਖੀ ਕਰ ਸਕਦਾ ਹੈ ਅਤੇ ਇੱਕ ਖੁਸ਼ਹਾਲ ਭਵਿੱਖ ਨੂੰ ਯਕੀਨੀ ਬਣਾ ਸਕਦਾ ਹੈ।

# ਪੰਜਾਬ ਸਪੋਰਟਸ ਕਲੱਬ ਸ਼ਿਕਾਗੋ

# ਵਰਲਡ ਕਬੱਡੀ ਕੱਪ ਸ਼ਿਕਾਗੋ

## 6 ਅਗਸਤ 2023 (ਐਤਵਾਰ)

**Busse Woods Elk Grove, IL 60007**



**ਪ੍ਰਸਿੱਧ ਪੰਜਾਬੀ ਗਾਇਕ ਜੈਜ਼ੀ ਬੀ ਦਰਸ਼ਕਾਂ ਦਾ ਮਨੋਰੰਜਨ ਕਰੇਗਾ**



**Live Performance**

**Jazzy B**

**ਦੁਨੀਆਂ ਭਰ ਦੇ ਪ੍ਰਸਿੱਧ ਕਬੱਡੀ ਖਿਡਾਰੀ ਅਤੇ ਸੰਸਥਾਵਾਂ ਬਣਨਗੇ ਕਬੱਡੀ ਕੱਪ ਦਾ ਆਕਰਸ਼ਣ**

**ਖਾਣ-ਪੀਣ ਦਾ ਖੁੱਲ੍ਹਾ ਤੇ ਸੁਰੱਖਿਆ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ**

***ਸਭ ਨੂੰ ਖੁੱਲ੍ਹਾ ਸੱਦਾ***


***ਦਾਖਲਾ ਮੁਫਤ***



Lucky Sahota
President



Santokh Ghuman
Vice President



Mukhtiar Singh
Happy Heer



Ajaib Singh
Lakhan



Dr. Harjinder Singh
Khaira



Jaskarn Singh
Dhaliwal



Midha Mahilpuria



Harwinder S. Billa



Narinder Singh Sra



Parwinder Singh



Hardeep Gill



Rajinder Diyal

**ਸੰਪਰਕ: 847-489-7773, 847-338-3866, 847-544-1788, 630-398-7052, 630-479-0031, 630-290-7993**

# ਧਰਮ ਅਤੇ ਸਿਆਸਤ

**ਧਰਮ ਅਤੇ ਸਿਆਸਤ ਨੂੰ ਵੱਖ ਕਰ ਕੇ ਨਹੀਂ ਵੇਖਿਆ ਜਾ ਸਕਦਾ, ਪਰ ਸਥਿਤੀ ਪਿਛਲੇ ਲੰਮੇ ਸਮੇਂ ਤੋਂ ਇਹ ਬਣੀ ਹੋਈ ਹੈ ਕਿ ਸਿਆਸਤ ਉਤੇ ਧਰਮ ਦੇ ਕੁੰਡੇ ਦੀ ਥਾਂ ਧਰਮ ਉਤੇ ਸਿਆਸਤ ਦਾ ਕੁੰਡਾ ਭਾਰੂ ਪਿਆ ਹੋਇਆ ਹੈ। ਧਾਰਮਿਕ ਸੰਸਥਾਵਾਂ ਨੂੰ ਸਿਆਸੀ ਲੋੜ ਮੁਤਾਬਕ ਚਲਾਇਆ ਜਾ ਰਿਹਾ ਹੈ, ਜਿਸ ਕਾਰਨ ਧਰਮਾਂ ਦੀ ਹੋਂਦ ਪ੍ਰਭਾਵਿਤ ਹੋ ਰਹੀ ਹੈ। ਧਰਮ ਦੀ ਰਾਜਨੀਤੀ ਵਿਚੋਂ ਪੰਥਕ ਮੁੱਦੇ ਲਗਪਗ ਗਾਇਬ ਹਨ, ਜਦਕਿ ਵੋਟ-ਬੈਂਕ ਨੂੰ ਧਿਆਨ ਵਿੱਚ ਰੱਖਦਿਆਂ ਸਿੱਖੀ ਸਰੂਪ ਵਾਲੇ ਪਿਆਦਿਆਂ ਨੂੰ ਸਾਜ਼ਿਸ਼ ਤਹਿਤ ਵਰਤਿਆ ਜਾ ਰਿਹਾ ਹੈ। ਹਥਲੇ ਲੇਖ ਵਿੱਚ ਲੇਖਕ ਨੇ ਧਰਮ ਵਿੱਚ ਸਿਆਸਤ ਦੀ ਲੋੜ ਸਮੇਤ ਧਾਰਮਿਕ ਖੇਤਰ ਵਿੱਚ ਗਿਰਾਵਟ ਤੇ ਸਿੱਖ ਮਾਮਲਿਆਂ ਵਿੱਚ ਭਗਵੇਂਕਰਨ ਦੇ ਦਖਲ ਉਤੇ ਚਰਚਾ ਕੀਤੀ ਹੈ।**

**ਦਲਜੀਤ ਸਿੰਘ ਇੰਡੀਆਨਾ**



ਦੁਨੀਆਂ ਵਿੱਚ ਬਹੁਤ ਸਾਰੇ ਧਰਮ ਪ੍ਰਚਲਤ ਹਨ, ਪਰ ਇਨਸਾਨ ਦਾ ਅਸਲ ਧਰਮ ਇਨਸਾਨੀਅਤ ਹੈ। ਜੇ ਕਿਸੇ ਵੀ ਇਨਸਾਨ ਵਿੱਚ ਜਜ਼ਬਾਤ ਨਹੀਂ, ਇਸ ਬ੍ਰਹਿਮੰਡ 'ਤੇ ਰਹਿਣ ਵਾਲੇ ਕਿਸੇ ਵੀ ਜੀਵ-ਜੰਤੂ ਜਾਂ ਇਨਸਾਨ ਨਾਲ ਪਿਆਰ ਨਹੀਂ ਤਾਂ ਫੇਰ ਉਹ ਇਨਸਾਨ ਕਿਸੇ ਵੀ ਧਰਮ ਦਾ ਪਹਿਰਾਵਾ ਪਾਈ ਫਿਰੇ, ਉਹ ਸਿਰਫ ਦਿਖਾਵਾ ਹੈ। ਜਦੋਂ ਦਾ ਇਨਸਾਨ ਨੇ ਧਰਮ ਨੂੰ ਆਪਣੀ ਰੋਜ਼ੀ-ਰੋਟੀ ਅਤੇ ਕਮਾਈ ਦਾ ਸਾਧਨ ਬਣਾ ਲਿਆ, ਉਦੋਂ ਤੋਂ ਹਰ ਧਰਮ ਗਿਰਾਵਟ ਵੱਲ ਹੀ ਗਿਆ। ਧਰਮ ਦੇ ਨਾਮ 'ਤੇ ਬਹੁਤ ਸਾਰੀਆਂ ਦੁਕਾਨਾਂ ਖੁੱਲ੍ਹ ਗਈਆਂ, ਠੱਗ ਪੁਜਾਰੀ ਲੋਕਾਂ ਨੇ ਧਰਮ ਦੇ ਰਾਹੀਂ ਰੱਬ ਨੂੰ ਪਾਉਣ ਦੇ ਵੱਖ-ਵੱਖ ਤਰੀਕੇ ਦੱਸ ਕੇ ਆਪਣੇ ਮਗਰ ਲਾ ਲਿਆ-ਕਿਸੇ ਨੇ ਡੇਰਾ ਖੋਲ੍ਹ ਲਿਆ, ਕਿਸੇ ਨੇ ਆਸ਼ਰਮ। ਇਨ੍ਹਾਂ ਦੁਕਾਨਾਂ ਦੇ ਵੱਖ-ਵੱਖ ਨਾਮ ਰੱਖ ਲਏ ਅਤੇ ਪੈਸੇ ਕਮਾਉਣ ਦਾ ਸਭ ਤੋਂ ਸੌਖਾ ਤੇ ਵਧੀਆ ਤਰੀਕਾ ਪੁਜਾਰੀ ਨੇ ਧਰਮ ਨੂੰ ਹੀ ਚੁਣਿਆ।

ਜਦੋਂ ਬਾਬੇ ਨਾਨਕ ਨੇ ਸਿੱਖ ਧਰਮ ਦੀ ਨੀਂਹ ਰੱਖੀ ਤਾਂ ਉਸ ਸਮੇਂ ਇਸ ਖਿੱਤੇ ਵਿੱਚ ਬਹੁਤ ਸਾਰੇ ਧਰਮ ਪ੍ਰਚਲਤ ਸਨ, ਪਰ ਉਨ੍ਹਾਂ ਧਰਮਾਂ ਦੇ ਪੁਜਾਰੀ ਮੁਖੀਆਂ ਨੇ ਲੋਕਾਂ ਨੂੰ ਜਾਤ-ਪਾਤ, ਊਚ-ਨੀਚ ਦੀਆਂ ਦੀਵਾਰਾਂ ਵਿੱਚ ਵੰਡਿਆ ਹੋਇਆ ਸੀ; ਲੋਕਾਂ ਵਿੱਚ ਅੰਧ ਵਿਸ਼ਵਾਸ ਬੁਰੀ ਤਰ੍ਹਾਂ ਫੈਲਿਆ ਹੋਇਆ ਸੀ। ਜਿਉਂ ਹੀ ਬਾਬੇ ਨਾਨਕ ਨੇ 'ਸ਼ਬਦ ਗੁਰੂ' ਦਾ ਹੋਕਾ ਦਿੱਤਾ ਤਾਂ ਉਸ ਸਮੇਂ ਦੇ ਹਾਕਮਾਂ ਅਤੇ ਪੁਜਾਰੀਆਂ ਨੂੰ ਫ਼ਿਕਰ ਖੜ੍ਹਾ ਹੋ ਗਿਆ। ਪੁਜਾਰੀਆਂ ਨੂੰ ਆਪਣੀ ਦੁਕਾਨ ਬੰਦ ਹੋਣ ਦਾ ਡਰ ਸੀ ਅਤੇ ਹਾਕਮਾਂ ਨੂੰ ਆਪਣੀ ਧਾਰਮਿਕ ਹੋਂਦ ਨੂੰ ਖਤਰਾ ਮਹਿਸੂਸ ਹੋਇਆ; ਤਾਂ ਹੀ ਉਸ ਸਮੇਂ ਬਾਬਰ ਨੂੰ ਬਾਬੇ ਨਾਨਕ ਤੋਂ ਖਤਰਾ ਮਹਿਸੂਸ ਹੋਇਆ।

ਜਦੋਂ ਗੁਰੂ ਅਰਜਨ ਸਾਹਿਬ ਨੇ ਪੋਥੀ ਸਾਹਿਬ ਨੂੰ ਇੱਕ ਤਖ਼ਤ 'ਤੇ ਬਿਰਾਜਮਾਨ ਕਰਕੇ 'ਚਵਰ ਤਖ਼ਤ ਦੇ ਮਾਲਕ' ਕਿਹਾ ਤਾਂ ਉਸ ਸਮੇਂ ਦੇ ਹਾਕਮਾਂ ਨੂੰ ਵੀ ਸਿੱਖ ਧਰਮ ਤੋਂ ਖਤਰਾ ਲੱਗਿਆ। ਉਸ ਤੋਂ ਬਾਅਦ ਸਾਰੇ ਗੁਰੂ ਸਾਹਿਬਾਨ ਆਪਣੇ ਧਰਮ ਦੀ ਰਾਖੀ ਕਰਦੇ ਰਹੇ। ਉਨ੍ਹਾਂ ਸਮੇਂ ਦੇ ਹਾਕਮਾਂ ਨਾਲ ਹਮੇਸ਼ਾ ਆਪਣੀ ਹੋਂਦ ਦੀ ਲੜਾਈ ਲੜੀ ਅਤੇ ਅਨੇਕਾਂ ਕੁਰਬਾਨੀਆਂ ਕੀਤੀਆਂ।

ਉਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਦੌਰ ਦੌਰਾਨ ਸਿੱਖ ਰਾਜ ਤਾਂ ਬਹੁਤ ਦੂਰ ਦੂਰ ਤੱਕ ਫੈਲਿਆ, ਪਰ ਸਿਧਾਂਤਕ ਪੱਖੋਂ ਸਿੱਖ ਉਨੇ ਵਧ ਫੂਲ ਨਹੀਂ ਸਕੇ। ਜਦੋਂ ਅੰਗਰੇਜ਼ ਭਾਰਤ ਵਿੱਚ ਆਏ ਤਾਂ ਉਨ੍ਹਾਂ ਨੂੰ ਸਭ ਤੋਂ ਔਖਾ ਸਿੱਖ ਰਾਜ 'ਤੇ ਕਬਜਾ ਕਰਨਾ ਹੋਇਆ। ਅੰਗਰੇਜ਼ਾਂ ਨੇ ਸਿੱਖ ਰਾਜ 'ਤੇ ਕਬਜਾ ਕੀਤਾ ਤਾਂ ਉਨ੍ਹਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਪਤਾ ਸੀ ਕਿ ਸਿੱਖਾਂ ਦਾ ਗੁਰੂ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਜਦੋਂ ਸਿੱਖ, ਗੁਰੂ ਗ੍ਰੰਥ ਸਾਹਿਬ ਦਾ ਓਟ ਆਸਰਾ ਲੈ ਕੇ ਤੁਰ ਪਿਆ, ਫੇਰ ਪਿੱਛੇ ਨਹੀਂ ਮੁੜਦਾ; ਇਸ ਕਰਕੇ ਉਨ੍ਹਾਂ ਨੇ ਸਭ ਤੋਂ ਪਹਿਲਾਂ ਸ਼ਬਦ ਗੁਰੂ ਨਾਲੋਂ ਤੋੜਨ ਵਾਲੀਆਂ ਤਰਕੀਬਾਂ ਘੜਨੀਆਂ ਸ਼ੁਰੂ ਕੀਤੀਆਂ ਤੇ ਇੱਕ ਸਾਧ ਲਾਣਾ ਖੜ੍ਹਾ ਕੀਤਾ, ਕਿਉਂਕਿ ਉਸ ਤੋਂ ਪਹਿਲਾਂ ਸਿੱਖਾਂ ਵਿੱਚ ਕਿਸੇ ਦੇਹਧਾਰੀ ਸੰਤ ਜਾਂ ਸਾਧ ਨੂੰ ਇਸ ਤਰ੍ਹਾਂ ਦਾ ਕੋਈ ਵਿਸ਼ੇਸ਼ ਥਾਂ ਨਹੀਂ। ਅੰਗਰੇਜ਼ਾਂ ਨੇ ਇਹ ਨਵੀਂ ਜਮਾਤ ਖੜ੍ਹੀ ਕੀਤੀ, ਤਾਂ ਜੋ ਸਿੱਖਾਂ ਨੂੰ 'ਸ਼ਬਦ ਗੁਰੂ' ਨਾਲੋਂ ਤੋੜ ਕੇ ਦੇਹਾਂ ਨਾਲ ਜੋੜਿਆ ਜਾਵੇ।

ਅੰਗਰੇਜ਼ਾਂ ਨੇ ਸਿੱਖੀ ਵਿੱਚ ਸਿਆਸਤ ਸ਼ੁਰੂ ਕੀਤੀ ਤੇ ਗੁਰਦੁਆਰਿਆਂ ਵਿੱਚ ਮਹੰਤ ਵਾੜ ਦਿੱਤੇ, ਜਿਨ੍ਹਾਂ ਨੇ ਸਿੱਖੀ ਦਾ ਬ੍ਰਾਹਮਣੀਕਰਨ ਚੰਗੀ ਤਰ੍ਹਾਂ ਕੀਤਾ। ਉਸ ਸਮੇਂ ਹੀ ਮੌਜੂਦਾ ਅਕਾਲ ਤਖਤ ਦੇ ਜਥੇਦਾਰ ਵਾਲਾ ਅਹੁਦਾ ਹੋਂਦ ਵਿੱਚ ਲਿਆਂਦਾ। ਉਸ ਸਮੇਂ ਇਨ੍ਹਾਂ ਨੂੰ ਸਰਬਰਾਹ ਕਿਹਾ ਜਾਂਦਾ ਸੀ। ਇਸ ਅਹੁਦੇ ਦੀ ਵਰਤੋਂ ਅੰਗਰੇਜ਼ਾਂ ਨੇ ਸਿੱਖਾਂ ਨੂੰ ਧਾਰਮਿਕ ਤੌਰ 'ਤੇ ਕਾਬੂ ਵਿੱਚ ਰੱਖਣ ਵਾਸਤੇ ਖ਼ੂਬ ਕੀਤੀ।

ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ਸਿੰਘ ਸਭਾ ਲਹਿਰ ਚੱਲੀ, ਜਿਸ ਰਾਹੀਂ ਸਿੱਖਾਂ ਵਿੱਚ ਇੱਕ ਨਵੀਂ ਜਾਗ੍ਰਿਤੀ ਆਈ ਅਤੇ ਗੁਰਦੁਆਰਿਆਂ ਵਿੱਚ ਮਹੰਤਾਂ-ਪੁਜਾਰੀਆਂ ਵਲੋਂ ਚਲਾਏ ਜਾ ਰਹੇ ਪਾਖੰਡ ਨੂੰ ਸਿੰਘ ਸਭਾ ਲਹਿਰ ਨੇ ਕਾਫੀ ਹੱਦ ਤੱਕ ਰੋਕਿਆ।

ਜਦੋਂ ਦੇਸ਼ ਦੀ ਵੰਡ ਹੋਈ ਤਾਂ ਸਭ ਤੋਂ ਵੱਧ ਨੁਕਸਾਨ ਸਿੱਖਾਂ ਦਾ ਹੋਇਆ, ਜਿਹੜੇ ਪਹਿਲਾਂ ਸਿੱਖ ਰਾਜ ਗੁਆ ਚੁੱਕੇ ਸਨ। ਉਨ੍ਹਾਂ ਦੇ ਮੁੱਖ ਖਿੱਤੇ ਪੰਜਾਬ ਦੇ ਦੋ ਟੁਕੜੇ ਕਰ ਦਿੱਤੇ। ਪੰਜਾਬ ਦੀ ਉਹ ਜ਼ਮੀਨ ਜਿਹੜੀ ਸਾਰੇ ਭਾਰਤ ਦਾ ਢਿੱਡ ਭਰ ਸਕਦੀ ਸੀ, ਉਹ ਹਿੰਦੂ ਤੇ ਮੁਸਲਮਾਨ ਸਿਆਸਤ ਦਾ ਸ਼ਿਕਾਰ ਹੋ ਕੇ ਦੋ ਹਿੱਸਿਆਂ ਵਿੱਚ ਵੰਡੀ ਗਈ। ਪੰਜਾਬੀਆਂ, ਖਾਸ ਕਰਕੇ ਸਿੱਖਾਂ ਦਾ ਕੋਈ ਵੀ ਸਿਆਣਾ ਸਿੱਖ ਲੀਡਰ ਨਹੀਂ ਸੀ, ਜਿਹੜਾ ਪੰਜਾਬ ਨੂੰ ਇੱਕ ਰੱਖ ਕੇ ਇੱਕ ਆਜ਼ਾਦ ਖਿੱਤਾ ਰੱਖ ਪਾਉਂਦਾ। ਜ਼ਿਆਦਾਤਰ ਸਿੱਖ ਲੀਡਰ ਹਿੰਦੂ ਲੀਡਰਾਂ ਦੀਆਂ ਗੱਲਾਂ ਵਿੱਚ ਆ ਕੇ ਇੱਕ ਸਿਆਸਤ ਦਾ ਸ਼ਿਕਾਰ ਹੋ ਗਏ ਅਤੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਹਿੰਦੂਆਂ ਦੀ ਗੁਲਾਮੀ ਦੇ ਥੱਲੇ ਆ ਗਏ। ਇੱਕ ਸਿੱਖ ਰਾਜ ਦਾ ਪੰਜਾਬ ਅਤੇ ਕਿੱਥੇ ਅੱਜ ਦਾ ਪੰਜਾਬ! ਇਸ ਗੰਦੀ ਸਿਆਸਤ ਨੇ ਆਜ਼ਾਦੀ ਵਾਸਤੇ ਲੜਨ ਵਾਲੇ ਸਿੱਖ ਇੱਕ ਛੋਟੇ ਜਿਹੇ ਪੰਜਾਬ ਤੱਕ ਹੀ ਸੀਮਤ ਕਰ ਦਿੱਤੇ।

ਦੇਸ਼ ਦੀ ਵੰਡ ਸਮੇਂ ਸਿੱਖ ਭਾਰਤ ਨਾਲ ਆ ਗਏ। ਫੇਰ ਇੱਕ ਕੱਟੜ ਹਿੰਦੂ ਸੰਸਥਾ ਆਰ.ਐਸ.ਐਸ. ਮੂੰਹ ਅੱਡੀ ਖੜ੍ਹੀ ਸੀ, ਜੋ ਹੋਂਦ ਵਿੱਚ ਤਾਂ ਪਹਿਲਾਂ ਹੀ ਆ ਗਈ ਸੀ, ਪਰ ਅਸਲੀ ਰੰਗ ਇਸ ਨੇ ਵੰਡ ਪਿੱਛੋਂ ਦਿਖਾਉਣੇ ਸ਼ੁਰੂ ਕੀਤੇ। ਇਸ ਸੰਸਥਾ ਦਾ ਮੁੱਖ ਏਜੰਡਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਸੀ। ਸ਼ੁਰੂ ਤੋਂ ਭਾਰਤ ਵਿੱਚ ਕਾਂਗਰਸ ਦਾ ਬੋਲਬਾਲਾ ਸੀ, ਜੋ ਆਪਣੇ ਆਪ ਨੂੰ ਧਰਮ ਨਿਰਪੱਖ ਆਖਦੀ ਸੀ, ਇਸ ਕਰਕੇ ਆਰ.ਐਸ.ਐਸ. ਅੰਦਰਖਾਤੇ ਕੰਮ ਕਰਦੀ ਰਹੀ। ਸਭ ਤੋਂ ਪਹਿਲਾਂ ਇਨ੍ਹਾਂ ਨੇ ਪਾਰਸੀ, ਬੋਧੀ ਅਤੇ ਜੈਨ ਧਰਮ ਨੂੰ ਨਿਗਲ ਲਿਆ। ਇਨ੍ਹਾਂ ਧਰਮਾਂ ਨੂੰ ਡਰਾ-ਧਮਕਾ ਕੇ ਨਹੀਂ, ਸਗੋਂ ਇਨ੍ਹਾਂ ਧਰਮਾਂ ਵਿੱਚ ਘੁਸਪੈਠ ਕਰਕੇ ਖਤਮ ਕੀਤਾ।

ਕਿਉਂਕਿ ਮੁਸਲਮਾਨ ਕਿਸੇ ਵੀ ਤਰ੍ਹਾਂ ਇਨ੍ਹਾਂ ਦੇ ਧਰਮ ਨਾਲ ਮਿਲਦੇ ਨਹੀਂ, ਇਸ ਕਰਨੇ ਇਨ੍ਹਾਂ ਵਿੱਚ ਘੁਸਪੈਠ ਕਰਨੀ ਔਖੀ ਸੀ। ਸੋ, ਜਿਵੇਂ ਅੰਗਰੇਜ਼ਾਂ ਨੂੰ ਸਿੱਖ ਧਰਮ ਤੋਂ ਖਤਰਾ ਲਗਦਾ, ਉਸ ਤਰ੍ਹਾਂ ਆਰ.ਐਸ.ਐਸ. ਨੂੰ ਵੀ ਲਗਦਾ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਸਿੱਖੀ ਵਿੱਚ ਘੁਸਪੈਠ ਕਰਕੇ ਇਸ ਨੂੰ ਜਾਂ ਤਾਂ ਆਪਣੇ ਵਿੱਚ ਰਲਾਇਆ ਜਾਵੇ ਜਾਂ ਸਿੱਖੀ ਦਾ ਹਿੰਦੂਕਰਨ ਕੀਤਾ ਜਾਵੇ। ਸਿੱਖ ਦੇਖਣ ਨੂੰ ਸਿੱਖ ਲੱਗਣ, ਪਰ ਲੱਗਣ ਹਿੰਦੂਆਂ ਦਾ ਹੀ ਹਿੱਸਾ, ਇਸ ਤਹਿਤ ਹੀ ਆਰ.ਐਸ.ਐਸ. ਨੇ ਗੁਰਦੁਆਰਿਆਂ ਤੇ ਡੇਰਿਆਂ ਰਾਹੀਂ ਸਿੱਖੀ ਵਿੱਚ ਘੁਸਪੈਠ ਕਰਨੀ ਸ਼ੁਰੂ ਕੀਤੀ। ਸਿੱਖਾਂ ਵਿੱਚ ਅਨੇਕਾਂ ਨਵੇਂ ਗ੍ਰੰਥ ਪੈਦਾ ਕੀਤੇ, ਸਿੱਖਾਂ ਦੇ ਇਤਿਹਾਸ ਵਿੱਚ ਸਾਖੀਆਂ ਰਾਹੀਂ ਮਿਥਿਹਾਸ ਵਾੜਨਾ ਸ਼ੁਰੂ ਕੀਤਾ।

1984 ਦੇ ਸਾਕੇ ਤੋਂ ਪਹਿਲਾਂ ਸਿੱਖ ਕਿਸੇ ਵੀ ਮਸਲੇ ਵਾਸਤੇ ਲੜਦੇ ਸਨ ਤਾਂ ਉਨ੍ਹਾਂ ਦਾ ਕੇਂਦਰ ਅਕਾਲ ਤਖ਼ਤ ਅਤੇ ਸ਼ਿਰੋਮਣੀ ਕਮੇਟੀ ਹੁੰਦੇ ਸਨ। 1977 ਦੀ ਐਮਰਜੈਂਸੀ ਤੋਂ ਬਾਅਦ ਇੰਦਰਾ ਗਾਂਧੀ ਦੀ ਸਿੱਖਾਂ ਨਾਲ ਖੁੰਦਕ ਸੀ, ਉਹ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ ਅਤੇ ਆਰ.ਐਸ.ਐਸ. ਪਿੱਛੇ ਤੋਂ ਏਜੰਸੀਆਂ ਰਾਹੀਂ ਇਸ ਤਾਕ ਵਿੱਚ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਅਕਾਲ ਤਖਤ ਅਤੇ ਸਿੱਖਾਂ ਦੀ ਸਿਰਮੌਰ ਸੰਸਥਾ ਉਪਰ ਕਬਜ਼ਾ ਕੀਤਾ ਜਾਵੇ।

ਅਕਾਲ ਤਖਤ 'ਤੇ ਹਮਲੇ ਤੋਂ ਬਾਅਦ ਸਿੱਖਾਂ ਦਾ ਘਾਣ ਕੀਤਾ ਗਿਆ ਅਤੇ ਏਜੰਸੀਆਂ ਨੇ ਪ੍ਰਕਾਸ਼ ਸਿੰਘ ਬਾਦਲ ਦਾ ਸਿੱਖਾਂ ਦੀ ਸੰਸਥਾ ਸ਼ਿਰੋਮਣੀ ਕਮੇਟੀ ਉਪਰ ਕਬਜ਼ਾ ਕਰਵਾ ਦਿੱਤਾ, ਜੋ ਅੱਜ ਤੱਕ ਜਾਰੀ ਹੈ। ਆਰ.ਐਸ.ਐਸ. ਅਤੇ ਏਜੰਸੀਆ ਨੂੰ ਪਤਾ ਸੀ ਕਿ ਸਿੱਖ ਆਪਣੇ ਹੱਕਾਂ ਵਾਸਤੇ ਅਕਾਲ ਤਖਤ ਤੋਂ ਸੇਧ ਲੈਂਦੇ ਹਨ, ਇਸ ਕਰਕੇ ਉਨ੍ਹਾਂ ਦਾ ਮੁੱਖ ਨਿਸ਼ਾਨਾ ਸੀ ਸਿੱਖਾਂ ਦੀ ਧਾਰਮਿਕ ਸੰਸਥਾ ਵਿੱਚ ਘੁਸਪੈਠ ਕਰਨੀ।

ਜਦੋਂ ਅਕਾਲੀ ਦਲ (ਬਾਦਲ) ਦੀ ਸਾਂਝ ਜਨਸੰਘ ਨਾਲ ਪਈ, ਫੇਰ ਸ਼ੁਰੂ ਹੋਇਆ ਸਿੱਖੀ ਵਿੱਚ ਘੁਸਪੈਠ ਦਾ ਦੌਰ; ਤਾਂ ਹੀ ਸਿੱਖ ਨਾ ਤਾਂ ਅੱਜ ਤੱਕ ਸਿੱਖ ਗੁਰਦੁਆਰਾ ਐਕਟ, ਨਾ ਅਨੰਦ ਮੈਰਿਜ ਐਕਟ ਅਤੇ ਨਾ ਆਪਣਾ ਕੈਲੰਡਰ ਲਾਗੂ ਕਰਵਾ ਸਕੇ; ਕਿਉਂਕਿ ਇਹ ਸਾਰੀਆਂ ਗੱਲਾਂ ਸਿੱਖਾਂ ਨੂੰ ਇੱਕ ਵੱਖਰੀ ਕੌਮ ਦਾ ਦਰਜਾ ਦਿੰਦੀਆਂ ਸਨ। ਜਿਹੜਾ ਨਾਨਕਸ਼ਾਹੀ ਕੈਲੰਡਰ ਲਾਗੂ ਵੀ ਹੋਇਆ, ਉਸ ਨੂੰ ਆਰ.ਐਸ.ਐਸ. ਦੇ ਇਸ਼ਾਰੇ 'ਤੇ ਖਤਮ ਕਰ ਦਿੱਤਾ ਗਿਆ।

ਬਾਦਲ ਪਰਿਵਾਰ ਨੇ ਆਰ.ਐਸ.ਐਸ. ਅਤੇ ਭਾਜਪਾ ਦੇ ਇਸ਼ਾਰੇ 'ਤੇ ਸਿੱਖੀ ਦਾ ਇੰਨਾ ਨੁਕਸਾਨ ਕੀਤਾ, ਸ਼ਾਇਦ ਕੋਈ ਦੁਸ਼ਮਣ ਵੀ ਨਾ ਕਰ ਪਾਉਂਦਾ। ਜਿਉਂ ਜਿਉਂ ਭਾਜਪਾ ਤਾਕਤਵਰ ਹੋਈ, ਉਨ੍ਹਾਂ ਦਾ ਬਾਦਲਕਿਆਂ ਤੋਂ ਭਰੋਸਾ ਟੁੱਟਦਾ ਗਿਆ ਤੇ ਉਸ ਨੇ ਸਿੱਧਾ ਹੀ ਗੁਰਦੁਆਰਿਆਂ ਉਪਰ ਕਬਜ਼ਾ ਕਰਨ ਦੀ ਠਾਣ ਲਈ। ਅੱਜ ਗੁਰਦੁਆਰਾ ਹਜ਼ੂਰ ਸਾਹਿਬ, ਗੁਰਦੁਆਰਾ ਪਟਨਾ ਸਾਹਿਬ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਪੂਰੀ ਤਰ੍ਹਾਂ ਆਰ.ਐਸ.ਐਸ. ਦੇ ਕਬਜ਼ੇ ਵਿੱਚ ਹਨ। ਮੂਹਰੇ ਇਨ੍ਹਾਂ ਨੇ ਸਿੱਖੀ ਸਰੂਪ ਵਾਲੇ ਪਿਆਦੇ ਲਾਏ ਹੋਏ ਹਨ ਤਾਂ ਜੋ ਧਰਮ ਰਾਹੀਂ ਸਿੱਖਾਂ 'ਤੇ ਕਾਬੂ ਪਾਇਆ ਜਾ ਸਕੇ। ਜਿੰਨੀ ਦੇਰ ਭਾਜਪਾ ਪੰਜਾਬ ਸਰ ਨਹੀਂ ਕਰ ਪਾਉਂਦੀ, ਉਨੀ ਦੇਰ ਉਸ ਦਾ ਹਿੰਦੂ ਰਾਸ਼ਟਰ ਵਾਲਾ ਏਜੰਡਾ ਪੂਰਾ ਨਹੀਂ ਹੁੰਦਾ।

ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਕਾਂਗਰਸ ਨੇ ਸਿੱਖਾਂ ਦੇ ਧਰਮ ਵਿੱਚ ਦਖਲ ਦੇਣ ਤੋਂ ਗੁਰੇਜ਼ ਕੀਤਾ, ਪਰ ਅਕਾਲੀ ਦਲ ਖਾਸ ਕਰ ਬਾਦਲ ਪਰਿਵਾਰ ਦਾ ਦਖਲ ਵਧਦਾ ਗਿਆ। ਅਜੋਕੇ ਤਾਜ਼ਾ ਹਾਲਾਤ ਵਿੱਚ ਭਾਜਪਾ ਆਪਣੇ ਨਾਲ ਰਹੀਆਂ ਖੇਤਰੀ ਪਾਰਟੀਆਂ ਨੂੰ ਖਤਮ ਕਰਨ ਲੱਗੀ ਹੋਈ ਹੈ। ਇਸ ਨੇ ਅਕਾਲੀ ਦਲ, ਐਨ.ਸੀ.ਪੀ., ਸ਼ਿਵ ਸੈਨਾ ਸਮੇਤ ਹੋਰ ਪਾਰਟੀਆਂ ਨੂੰ ਤੋੜਿਆ। ਜੋ ਸਰਵੇ ਆ ਰਹੇ ਹਨ, ਉਸ ਮੁਤਾਬਕ 2024 ਵਿੱਚ ਇਕੱਲੀ ਭਾਜਪਾ ਦੀ ਹਾਲਤ ਪਤਲੀ ਹੈ, ਇਸ ਕਰਕੇ ਉਹਨੂੰ ਖੇਤਰੀ ਪਾਰਟੀਆਂ ਦੀ ਮੁੜ ਲੋੜ ਮਹਿਸੂਸ ਹੋਣ ਲੱਗੀ ਹੈ।

ਕਿਸਾਨ ਮੋਰਚੇ ਸਮੇਂ ਅਕਾਲੀ ਦਲ ਨੇ ਭਾਜਪਾ ਇਸ ਕਰਕੇ ਛੱਡ ਦਿੱਤੀ ਸੀ ਕਿ ਸ਼ਾਇਦ ਪੰਜਾਬੀ ਸਾਡੇ 'ਤੇ ਭਰੋਸਾ ਕਰ ਲੈਣ, ਪਰ ਹੋਇਆ ਉਲਟ ਤੇ ਅਕਾਲੀ ਦਲ ਦਾ ਰਸੂਖ ਕਾਫੀ ਘਟ ਗਿਆ।

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆ ਗਈ, ਪਰ ਪੰਜਾਬ ਦੇ ਸਿਰ ਕਰਜਾ ਹੀ ਇੰਨਾ ਹੈ ਕਿ ਜਿਹੜੀ ਮਰਜੀ ਸਰਕਾਰ ਆ ਜਾਵੇ, ਉਹਨੂੰ ਕੇਂਦਰ ਵੱਲ ਹੱਥ ਅੱਡਣਾ ਹੀ ਪੈਂਦਾ ਹੈ। ਪੰਜਾਬ ਦਾ ਮੌਜੂਦਾ ਮੁੱਖ ਮੰਤਰੀ ਵੀ ਅਮਿਤ ਸ਼ਾਹ ਦੇ ਪੂਰੇ ਸੁਰ ਵਿੱਚ ਹੈ। ਇਸ ਕਰਕੇ ਭਾਜਪਾ ਅਕਾਲੀ ਦਲ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਨਾਲ ਰਲਾਉਣਾ ਚਾਹੁੰਦੀ ਹੈ, ਤਾਂ ਜੋ ਪੰਜਾਬ ਵਿੱਚ ਜਿੱਤ ਹਾਸਿਲ ਕੀਤੀ ਜਾ ਸਕੇ। ਇਸ ਵਾਸਤੇ ਪਿਛਲੇ ਦਿਨਾਂ ਤੋਂ ਅਕਾਲੀ ਦਲ ਜੋ ਥੋੜ੍ਹੀ ਅੜੀ ਕਰ ਰਿਹਾ ਸੀ ਤਾਂ ਅਮਿਤ ਸ਼ਾਹ ਨੇ ਭਗਵੰਤ ਮਾਨ ਰਾਹੀਂ ਇੱਕ ਸਾਜਿਸ਼ ਤਹਿਤ ਪੀ.ਟੀ.ਸੀ. ਦਾ ਮੁੱਦਾ ਉਠਾਇਆ, ਜਦਕਿ ਪੰਜਾਬ ਦੇ ਬਹੁਤ ਸਾਰੇ ਹੋਰ ਮੁੱਦੇ ਹਨ- ਜਿਵੇਂ ਨਸ਼ਿਆਂ ਦਾ ਮੁੱਦਾ, ਕਾਨੂੰਨ-ਵਿਵਸਥਾ ਦਾ ਮੁੱਦਾ ਆਦਿ; ਪਰ ਭਗਵੰਤ ਮਾਨ ਸਭ ਕੁਝ ਛੱਡ ਕੇ ਪੀ.ਟੀ.ਸੀ. ਪਿੱਛੇ ਪੈ ਗਿਆ। ਸੁਖਬੀਰ ਸਿੰਘ ਬਾਦਲ ਨੇ ਇਸ ਨੂੰ ਪੰਥਕ ਮੁੱਦਾ ਬਣਾਉਣ ਦੀ ਕੋਸ਼ਿਸ਼ ਕੀਤੀ, ਪਰ ਗੱਲ ਨਾ ਬਣੀ।

ਦੂਜੇ ਪਾਸੇ ਆਮ ਆਦਮੀ ਪਾਰਟੀ ਵੀ ਸਿੱਖਾਂ ਦੇ ਮਾਮਲਿਆਂ ਵਿੱਚ ਭਾਜਪਾ ਦੇ ਇਸ਼ਾਰੇ 'ਤੇ ਦਖਲ ਦੇ ਕੇ ਖਤਰਾ ਮੁੱਲ ਲੈ ਰਹੀ ਹੈ, ਜਿਸ ਦਾ ਖਮਿਆਜ਼ਾ ਪੰਜਾਬ ਪਹਿਲਾਂ ਹੀ ਭੁਗਤ ਚੁੱਕਾ ਹੈ, ਕਿਉਂਕਿ ਸਿੱਖਾਂ ਵਾਸਤੇ ਧਰਮ ਹੀ ਸਭ ਕੁਝ ਹੈ, ਜੋ ਵੀ ਇਸ ਵਿੱਚ ਦਖਲਅੰਦਾਜ਼ੀ ਕਰਦਾ ਹੈ, ਉਸਨੂੰ ਸਿੱਖ ਕਦੇ ਬਰਦਾਸ਼ਤ ਨਹੀਂ ਕਰਦੇ। ਇਸ ਕਰਕੇ ਆਰ.ਐਸ.ਐਸ. ਸਿੱਧੀ ਦਖਲਅੰਦਾਜ਼ੀ ਨਹੀਂ ਕਰਦੀ, ਉਹਨੇ ਸਿੱਖੀ ਸਰੂਪ ਵਾਲਿਆਂ ਨੂੰ ਰੱਖਿਆ ਹੋਇਆ ਹੈ ਇਸ ਦੀਆਂ ਜੜ੍ਹਾਂ ਵਿੱਚ ਤੇਲ ਦੇਣ ਵਾਸਤੇ।

ਸੋ ਅਖੀਰ ਗੱਲ ਇਹੋ ਕਿ ਧਰਮ ਬਣੇ ਸੀ ਚੰਗੇ ਇਨਸਾਨ, ਚੰਗੇ ਸਮਾਜ ਸਿਰਜਣ ਵਾਸਤੇ, ਪਰ ਸਮੇਂ ਸਮੇਂ ਦੇ ਹੁਕਮਰਾਨਾਂ ਨੇ ਇਸ ਨੂੰ ਵਰਤਿਆ ਲੋਕਾਂ ਨੂੰ ਆਪਣੇ ਕਾਬੂ ਵਿੱਚ ਰੱਖਣ ਵਾਸਤੇ। ਇਹ ਸਭ ਕੁਝ ਅੱਜ ਵੀ ਚੱਲ ਰਿਹਾ ਹੈ, ਇਸ ਕਰਕੇ ਕਿੰਨੀ ਦੁਨੀਆਂ ਧਰਮਾਂ ਦੇ ਨਾਮ 'ਤੇ ਮਰ ਰਹੀ ਹੈ।

ਸਿੱਖੀ ਸੂਝ-ਬੂਝ ਦੇ ਨਾਲ ਸਿਆਸਤ ਦੀ ਸੂਝ ਵੀ ਹੋਣੀ ਜ਼ਰੂਰੀ ਹੈ। ਜੇ ਦੇਸ਼ ਵੰਡ ਸਮੇਂ ਸਿੱਖ ਲੀਡਰ ਸੂਝ-ਬੂਝ ਵਰਤਦੇ ਤਾਂ ਅੱਜ ਸਿੱਖ ਆਜ਼ਾਦ ਖਿੱਤੇ ਦੇ ਮਾਲਕ ਹੁੰਦੇ, ਕਿਸੇ ਦੇ ਪਿੱਛੇ ਨਾ ਲੱਗੇ ਹੁੰਦੇ। ਧਰਮ ਵਿੱਚ ਸਿਆਸਤ ਦੀ ਲੋੜ ਹੈ, ਜੇ ਲੀਡਰ ਆਪਣੇ ਘਰ ਭਰਨ ਦੀ ਥਾਂ ਕੌਮ ਪ੍ਰਤੀ ਸੋਚਣ!




**1984 ਦੇ ਸਾਕੇ ਤੋਂ ਪਹਿਲਾਂ ਸਿੱਖ ਕਿਸੇ ਵੀ ਮਸਲੇ ਵਾਸਤੇ ਲੜਦੇ ਸਨ ਤਾਂ ਉਨ੍ਹਾਂ ਦਾ ਕੇਂਦਰ ਅਕਾਲ ਤਖ਼ਤ ਅਤੇ ਸ਼ਿਰੋਮਣੀ ਕਮੇਟੀ ਹੁੰਦੇ ਸਨ। 1977 ਦੀ ਐਮਰਜੈਂਸੀ ਤੋਂ ਬਾਅਦ ਇੰਦਰਾ ਗਾਂਧੀ ਦੀ ਸਿੱਖਾਂ ਨਾਲ ਖੁੰਦਕ ਸੀ, ਉਹ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ ਅਤੇ ਆਰ.ਐਸ.ਐਸ. ਪਿੱਛੇ ਤੋਂ ਏਜੰਸੀਆਂ ਰਾਹੀਂ ਇਸ ਤਾਕ ਵਿੱਚ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਅਕਾਲ ਤਖ਼ਤ ਅਤੇ ਸਿੱਖਾਂ ਦੀ ਸਿਰਮੌਰ ਸੰਸਥਾ ਉਪਰ ਕਬਜ਼ਾ ਕੀਤਾ ਜਾਵੇ।**

## ਫਰਾਂਸ ਸੰਕਟ...

ਮੁਕਾਬਲੇ ਪਛੜਨ ਲੱਗ ਪਿਆ।

ਪਰ ਜੇ ਅੱਜ ਜੈਕ ਸ਼ਿਰਾਕ ਦਾ ਮੁਕਾਬਲਾ ਅਜੋਕੇ ਫ਼ਰਾਂਸੀਸੀ ਲੀਡਰਾਂ ਨਾਲ ਕੀਤਾ ਜਾਵੇ ਤਾਂ ਉਹ ਅਜੇ ਵੀ ਜਨ ਮਾਨਸ ਵਿੱਚ ਸਤਿਕਾਰ ਦਾ ਪਾਤਰ ਮੰਨਿਆ ਜਾਂਦਾ ਹੈ। ਇਹ ਉਵੇਂ ਹੀ ਹੈ ਜਿਵੇਂ ਭਾਰਤ ਵਿੱਚ ਜਵਾਹਰਲਾਲ ਨਹਿਰੂ ਦੀ ਹਰਮਨ ਪਿਆਰਤਾ ਘੱਟ ਨਹੀਂ ਹੋ ਸਕੀ।

ਫਰਾਂਸ ਦੇ ਅਜੋਕੇ ਸਮਿਆਂ ਵੱਲ ਨਜ਼ਰ ਮਾਰੀ ਜਾਵੇ ਤਾਂ ਇਮੈਨੂਅਲ ਮੈਕਰੋਨ ਨੇ ਰਾਸ਼ਟਰਪਤੀ ਵਜੋਂ ਆਪਣੇ ਪਹਿਲੇ ਕੁਝ ਮਹੀਨਿਆਂ ਵਿੱਚ ਹੀ ਜਨਤਕ ਨੈਤਿਕਤਾ, ਕਿਰਤ ਕਾਨੂੰਨਾਂ, ਟੈਕਸਾਂ ਅਤੇ ਕਾਨੂੰਨ ਲਾਗੂ ਕਰਨ ਵਾਲੇ ਅਦਾਰਿਆਂ ਦੀਆਂ ਸ਼ਕਤੀਆਂ ਵਿੱਚ ਤਬਦੀਲੀਆਂ ਕਰਨ 'ਤੇ ਜ਼ੋਰ ਦਿੱਤਾ।

ਉਸਨੇ ਰਾਜਨੀਤੀ ਵਿੱਚ ਸਮੂਹਿਕ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਯਤਨ ਅਰੰਭ ਦਿੱਤੇ, ਚੁਣੇ ਹੋਏ ਪ੍ਰਤੀਨਿਧਾਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਨੂੰ ਨੌਕਰੀ 'ਤੇ ਰੱਖਣ 'ਤੇ ਪਾਬੰਦੀ ਲਗਾ ਦਿੱਤੀ। ਪਰ ਖੁਦ ਉਸਨੇ ਆਪਣੀ ਪਤਨੀ ਨੂੰ ਸਰਕਾਰੀ ਕੰਮਕਾਜ ਵਿੱਚ ਦਖਲਅੰਦਾਜ਼ੀ ਕਰਨ ਲਈ ਨਿਯਮਾਂ ਵਿੱਚ ਸੋਧ ਕਰ ਦਿੱਤੀ, ਜਿਸ ਕਰਕੇ ਉਸਨੂੰ ਜਨਤਕ ਆਲੋਚਨਾ ਦਾ ਸ਼ਿਕਾਰ ਬਣਨਾ ਪਿਆ। ਲਗਭਗ ਤਿੰਨ ਲੱਖ ਲੋਕਾਂ ਨੇ ਵਿਰੋਧ ਪਟੀਸ਼ਨ ਪਾ ਕੇ ਉਸਨੂੰ ਆਪਣੀ ਸਕੀਮ ਤਿਆਗਣ ਲਈ ਮਜਬੂਰ ਕਰ ਦਿੱਤਾ।

ਲੇਬਰ ਨੀਤੀ ਅਤੇ ਯੂਨੀਅਨਾਂ ਦੇ ਸਬੰਧ ਵਿੱਚ ਮੈਕਰੋਨ ਨੂੰ ਮਾਲਕ-ਮਜ਼ਦੂਰ ਸਹਿਮਤੀ ਵਾਲੀ ਪ੍ਰਣਾਲੀ ਨੂੰ ਲਾਗੂ ਕਰਨ ਵੱਲ ਮੁੜਨਾ ਪਿਆ ਹੈ। ਉਸਨੇ ਪੂਰਬੀ ਯੂਰਪ ਤੋਂ ਸਸਤੇ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਵਾਲੀਆਂ ਕੰਪਨੀਆਂ ਵਿਰੁੱਧ ਕਾਰਵਾਈ ਕਰਨ ਦਾ ਵਾਅਦਾ ਵੀ ਕੀਤਾ ਹੈ, ਜੋ ਕਿ ਫਰਾਂਸੀਸੀ ਕਾਮਿਆਂ ਦੀਆਂ ਨੌਕਰੀਆਂ ਨੂੰ ਪ੍ਰਭਾਵਿਤ ਕਰ ਰਹੀਆਂ ਸਨ। ਇਸਨੂੰ ਉਸਨੇ "ਸਮਾਜਿਕ ਡੰਪਿੰਗ" ਦਾ ਨਾਮ ਦਿੱਤਾ ਸੀ। ਯੂਰਪੀ ਯੂਨੀਅਨ ਦੀਆਂ ਨੀਤੀਆਂ ਮੁਤਾਬਕ ਪੂਰਬੀ ਯੂਰਪ ਦੇ ਦੇਸ਼ਾਂ ਵਿੱਚ ਕਾਮਿਆਂ ਨੂੰ ਮੂਲ ਤਨਖਾਹ ਦੇ ਪੱਧਰ 'ਤੇ ਸੀਮਤ ਸਮੇਂ ਲਈ ਨੌਕਰੀ ਦਿੱਤੀ ਜਾ ਸਕਦੀ ਹੈ, ਜਿਸ ਕਾਰਨ ਯੂਰਪੀ ਯੂਨੀਅਨ ਦੇ ਦੇਸ਼ਾਂ ਵਿਚਕਾਰ ਵਿਵਾਦ ਪੈਦਾ ਹੋ ਗਿਆ ਹੈ।

ਫਰਾਂਸ ਅੰਦਰ ਮਜ਼ਦੂਰ ਅਤੇ ਮੁਲਾਜ਼ਮਾਂ ਦੀ ਬੇਚੈਨੀ ਲਗਾਤਾਰ ਵੱਧ ਰਹੀ ਹੈ। ਰਾਸ਼ਟਰਪਤੀ ਇਮੈਨੂਅਲ ਮੈਕਰੋਨ ਦੇ ਪ੍ਰਸਤਾਵਿਤ ਪੈਨਸ਼ਨ ਸੁਧਾਰਾਂ ਦੇ ਜਵਾਬ ਵਿੱਚ 24 ਮਾਰਚ 2023 ਨੂੰ ਫਰਾਂਸ ਵਿੱਚ 10 ਲੱਖ ਤੋਂ ਵੱਧ ਪ੍ਰਦਰਸ਼ਨਕਾਰੀ ਸੜਕਾਂ 'ਤੇ ਉਤਰ ਆਏ, ਜਿਸ ਨਾਲ ਦੇਸ਼ ਦੀ ਸੇਵਾਮੁਕਤੀ ਦੀ ਉਮਰ 62 ਤੋਂ ਵਧਾ ਕੇ 64 ਹੋ ਜਾਵੇਗੀ। 19 ਜਨਵਰੀ 2023 ਤੋਂ ਬਾਅਦ ਵਿਆਪਕ ਲਾਮਬੰਦੀ ਦਾ ਇਹ 10ਵਾਂ ਦਿਨ ਸੀ ਅਤੇ ਵਿਰੋਧ ਪ੍ਰਦਰਸ਼ਨਾਂ ਦੇ ਰੁਕਣ ਦਾ ਕੋਈ ਸੰਕੇਤ ਦਿਖਾਈ ਨਹੀਂ ਦਿੰਦਾ। ਇਹ ਦਰਸਾਉਂਦਾ ਹੈ ਕਿ ਫਰਾਂਸ ਵਿੱਚ ਰਾਜਨੀਤਿਕ ਸਥਿਤੀ ਕਿੰਨੀ ਡਾਵਾਂਡੋਲ ਹੈ। ਰਾਸ਼ਟਰਪਤੀ ਨੂੰ 'ਲੋਕ ਸਭਾ' ਅੰਦਰ ਵੱਖ-ਵੱਖ ਰਾਜਨੀਤਿਕ ਪਾਰਟੀਆਂ ਨਾਲ ਸੌਦੇਬਾਜ਼ੀ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਸਵਾਲ ਇਹ ਹੈ ਕਿ ਉਹ ਰਾਜਨੀਤਿਕ ਵਖਰੇਵਿਆਂ ਨੂੰ ਕਿਵੇਂ ਦੂਰ ਕਰ ਸਕਦਾ ਹੈ ਅਤੇ ਉਸੇ ਸਮੇਂ ਫਰਾਂਸ ਦੀ ਆਬਾਦੀ ਲਈ ਇੱਕ ਵਿਆਪਕ, ਸਮੂਹਿਕ ਅਤੇ ਭਾਈਵਾਲੀ ਵਾਲਾ ਰਾਹ ਪੇਸ਼ ਕਰ ਸਕਦਾ ਹੈ ਜਾਂ ਨਹੀਂ?

ਅਵਿਸ਼ਵਾਸ ਵੋਟਾਂ ਤੋਂ ਬਾਅਦ ਸਵਾਲ ਸਨ ਕਿ ਕੀ ਮੈਕਰੋਨ ਐਲਿਜ਼ਾਬੈਥ ਬੋਰਨ ਨੂੰ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਰੱਖੇਗਾ ਜਾਂ ਨਹੀਂ?

ਮੈਕਰੋਨ ਦਾ ਕਹਿਣਾ ਸੀ ਕਿ ਉਹ ਅਡੋਲ ਹੈ ਕਿ ਉਹ ਹਿੰਸਾ ਦੇ ਅੱਗੇ ਝੁਕੇਗਾ ਨਹੀਂ ਅਤੇ ਉਹ ਹੁਣ ਆਰਥਕ ਸੁਧਾਰਾਂ ਬਾਰੇ ਸੰਵਿਧਾਨਕ ਕੌਂਸਲ ਦੇ ਅੰਤਿਮ ਫੈਸਲੇ ਦੀ ਉਡੀਕ ਕਰ ਰਿਹਾ ਸੀ। ਕੌਂਸਲ ਵੱਲੋਂ 14 ਅਪਰੈਲ ਨੂੰ ਇਸ ਕਾਨੂੰਨ ਦੀ ਤਰਦੀਦ ਕਰਨ ਨਾਲ ਰਾਸ਼ਟਰਪਤੀ ਲਈ ਵੱਡੀ ਰਾਹਤ ਮਿਲੀ ਹੈ, ਪਰ ਇਸ ਨਾਲ ਵਿਰੋਧ ਪ੍ਰਦਰਸ਼ਨਾਂ ਜਾਂ ਘਰੇਲੂ ਰਾਜਨੀਤਿਕ ਸੰਕਟ ਦੇ ਤੁਰੰਤ ਖਤਮ ਹੋਣ ਦੀ ਸੰਭਾਵਨਾ ਦਿਖਾਈ ਨਹੀਂ ਦਿੰਦੀ।

ਜਿਵੇਂ ਕਿ ਹਰ ਦੇਸ਼ ਵਿੱਚ ਹੀ ਅਕਸਰ ਵਾਪਰਦਾ ਹੈ ਕਿ ਫਰਾਂਸ ਦੀ ਮੌਜੂਦਾ ਰਾਜਸੀ ਅਤੇ ਸਮਾਜਿਕ ਬੇਚੈਨੀ ਬਾਕੀ ਕੌਮੀ ਪਾਰਟੀਆਂ ਲਈ ਲਾਹੇਵੰਦ ਸਾਬਤ ਹੋ ਰਹੀ ਹੈ। ਫਰਾਂਸ ਦੀਆਂ ਸੱਜੇ ਅਤੇ ਖੱਬੇ-ਪੱਖੀ ਸਿਆਸੀ ਗਠਜੋੜ 'ਅਣਝੁਕਿਆ ਫਰਾਂਸ' (ਲਾ ਫਰਾਂਸ ਇਨਸੌਮਿਸ) ਨੇ ਸੰਕੇਤ ਦਿੱਤਾ ਹੈ ਕਿ ਉਹ ਯੂਕਰੇਨ ਵਾਸਤੇ ਬਿਨਾ ਸ਼ਰਤ ਫਰਾਂਸੀਸੀ ਮਦਦ ਦੀ ਹਮਾਇਤ ਨਹੀਂ ਕਰੇਗਾ। ਹਾਲਾਂਕਿ ਖੱਬੇ-ਪੱਖੀ ਪਾਰਟੀਆਂ ਦਾ ਇੱਕ ਵਿਆਪਕ ਗੱਠਜੋੜ ਘਰੇਗੀ ਨੀਤੀ ਦੇ ਮੁੱਖ ਮੁੱਦਿਆਂ ਉੱਪਰ ਮੈਕਰੋਨ ਨਾਲ ਇਤਫਾਕ ਰੱਖਦਾ ਹੈ, ਇਹ ਪਾਰਟੀਆਂ ਵਿਦੇਸ਼ੀ ਨੀਤੀ 'ਤੇ ਵੱਖ ਹੋ ਜਾਂਦੀਆਂ ਹਨ, ਖਾਸ ਤੌਰ 'ਤੇ ਜਦੋਂ ਇਹ ਮਸਲਾ ਰੂਸ ਅਤੇ ਯੂਕਰੇਨ ਜੰਗ ਵਰਗੇ ਮੁੱਦਿਆਂ ਨਾਲ ਸਬੰਧਤ ਹੋਵੇ।

ਇਸ ਸਮੇਂ ਯੂਰਪ ਵਿੱਚ ਇੱਕ ਪ੍ਰਮੁੱਖ ਮੁੱਦਾ ਇਹ ਯਕੀਨੀ ਬਣਾ ਰਿਹਾ ਹੈ ਕਿ ਯੂਕਰੇਨ ਨੂੰ ਸਮਰਥਨ ਦੇਣ ਲਈ ਯੂਰਪੀਅਨ ਅਤੇ ਟਰਾਂਸ-ਐਟਲਾਂਟਿਕ ਏਕਤਾ ਨੂੰ ਨਾ ਸਿਰਫ਼ ਕਾਇਮ ਰੱਖਿਆ ਜਾਵੇ, ਸਗੋਂ ਮਜ਼ਬੂਤ ਵੀ ਕੀਤਾ ਜਾਵੇ। ਜੇ ਫਰਾਂਸ ਯੂਕਰੇਨ ਸਬੰਧੀ ਆਪਣੀ ਹਮਾਇਤ ਵਿੱਚ ਤਬਦੀਲੀ ਕਰਦਾ ਹੈ ਤਾਂ ਇਸਦੇ ਯੂਰਪੀ ਯੂਨੀਅਨ ਨਾਲ ਏਕਤਾ ਅਤੇ ਯੂਰਪੀਅਨ ਸੁਰੱਖਿਆ ਦੇ ਭਵਿੱਖ ਲਈ ਨਤੀਜੇ ਬਹੁਤ ਗੰਭੀਰ ਹੋਣਗੇ।

ਦਿਲਚਸਪ ਗੱਲ ਇਹ ਹੈ ਕਿ ਫਰਾਂਸੀਸੀ ਸੰਵਿਧਾਨ ਅਤੇ 'ਪੰਜਵਾਂ ਗਣਰਾਜ' ਹੁਣ ਮੈਕਰੋਨ ਉੱਪਰ ਇੱਕ ਸਰਬ ਸਾਂਝਾ ਅਤੇ ਉਸਾਰੂ ਰਸਤਾ ਲੱਭਣ ਦੀ ਜ਼ਿੰਮੇਵਾਰੀ ਪਾ ਰਹੇ ਹਨ। ਸਿਆਸੀ ਸੰਕਟ ਦੇ ਹੱਲ ਲਈ ਮੈਕਰੋਨ ਨੂੰ ਆਪਣੇ ਤੌਰ ਤਰੀਕਿਆਂ ਵਿੱਚ ਤਬਦੀਲੀ ਕਰਨ ਦੀ ਲੋੜ ਹੈ ਤਾਂ ਜੋ ਉਹ ਆਪਣੇ ਦੂਜੇ ਕਾਰਜਕਾਲ ਦੇ ਬਾਕੀ ਰਹਿੰਦੇ ਚਾਰ ਸਾਲਾਂ ਨੂੰ ਕੁਝ ਸੁਧਾਰ ਲਿਆਉਣ ਲਈ ਸਮਰਪਿਤ ਕਰ ਸਕੇ। ਨਹੀਂ ਤਾਂ ਆਰਥਿਕ ਸੁਧਾਰਾਂ ਵਿਰੁੱਧ ਤੋਂ ਲੈ ਕੇ ਨਸਲਵਾਦ ਵਿਰੁੱਧ ਸ਼ੁਰੂ ਹੋਇਆ ਅਜੋਕਾ ਅੰਦੋਲਨ ਫਰਾਂਸ ਅੰਦਰ ਵਿਆਪਕ ਬਦਲਾਅ ਦਾ ਸਬੱਬ ਬਣ ਸਕਦਾ ਹੈ।

## ਪਿੰਡ ਬੰਗਾਲ ਦੇ...

ਮੇਰੇ ਦਾਦੇ ਦੀ ਜਵਾਨੀ ਸਮੇਂ ਜਿਹੜੀਆਂ ਫਿਲਮਾਂ ਬਣਦੀਆਂ ਸਨ, ਉਨ੍ਹਾਂ 'ਚ ਜੋ ਪਿੰਡ ਦਿਖਾਏ ਜਾਂਦੇ ਸਨ, ਮੇਰੇ ਭਾਣੇ ਕਿਤੇ ਉਹ ਪਿੰਡ ਹੁਣ ਭਾਰਤ 'ਚ ਹੈ ਹੀ ਨਹੀਂ। ਇਹ ਗੱਲ ਤਾਂ ਮੇਰੇ ਲਈ ਬਹੁਤ ਹੈਰਾਨੀ ਵਾਲੀ ਸੀ ਕਿ ਬੰਗਾਲ ਦੇ ਪਿੰਡ ਵਿਕਾਸ ਦੀ ਬੜੀ ਮੁੱਢਲੀ ਸਟੇਜ 'ਤੇ ਹਨ। ਕਲਕੱਤਾ ਘੁੰਮਦਿਆਂ ਇਹ ਅਹਿਸਾਸ ਵੀ ਨਹੀਂ ਹੁੰਦਾ ਕਿ ਪੇਂਡੂ ਬੰਗਾਲ ਕਿਹੋ ਜਿਹਾ ਹੋਵੇਗਾ। ਭਾਰਤ ਦੀ ਅਸਲੀ ਤਸਵੀਰ ਪਿੰਡ ਹਨ, ਬੰਗਾਲ ਦੇ ਪਿੰਡਾਂ 'ਚ ਘੁੰਮਦਿਆਂ ਮੈਂ ਬੜੀ ਹੈਰਾਨ ਕਿ ਅਸੀਂ ਜਿਸ ਗੱਡੀ ਰਾਹੀਂ ਪਿੰਡ ਪਹੁੰਚੇ, ਨੰਗ ਧੜੰਗੇ ਜਵਾਕ ਉਸ ਗੱਡੀ ਨੂੰ ਨੇੜਿਓਂ ਦੇਖਣ ਲਈ ਭੱਜੇ ਆਏ। ਪੇਂਡੂ ਪੁਰਸ਼ਾਂ ਤੇ ਬੱਚਿਆਂ ਦਾ ਪਹਿਰਾਵਾ ਬਿਲਕੁੱਲ ਆਦਿਵਾਸੀ ਤਰੀਕੇ ਦਾ ਹੈ। ਕਾਰਨ ਸ਼ਾਇਦ ਉਥੋਂ ਦਾ ਮੌਸਮ ਹੁੰਮਸ ਭਰਿਆ ਹੋਣ ਕਰਕੇ ਲੋਕ ਨੰਗੀ ਧੜ ਫਿਰਦੇ ਰਹਿੰਦੇ ਹਨ।

ਕਿਸੇ ਪਿੰਡ 'ਚ ਵੜਨ ਸਾਰ ਹਰਿਆਲੀ ਜ਼ਿਆਦਾ ਦਿਖਦੀ ਹੈ, ਮਕਾਨ ਘੱਟ ਦਿਖਦੇ ਹਨ। ਕੇਲਿਆਂ, ਨਾਰੀਅਲਾਂ ਅਤੇ ਅੰਬਾਂ ਦੇ ਬੂਟਿਆਂ ਦੀ ਭਰਮਾਰ ਹੈ। (ਇਹ ਮੈਂ ਦੱਖਣੀ ਬੰਗਾਲ ਦੀ ਗੱਲ ਕਰ ਰਹੀ ਹਾਂ) ਪੰਜਾਬ ਦੇ ਪਿੰਡਾਂ ਦੇ ਘਰਾਂ ਤੋਂ ਬਿਲਕੁੱਲ ਉਲਟ ਇਨ੍ਹਾਂ ਦੇ ਘਰ ਬਹੁਤ ਛੋਟੇ ਛੋਟੇ ਹਨ, ਜ਼ਿਆਦਾਤਰ ਬਾਂਸ ਦਾ ਇਸਤੇਮਾਲ ਕਰਕੇ ਘਰ-ਕਮਰੇ ਖੜ੍ਹੇ ਕੀਤੇ ਗਏ ਹਨ। ਦੋ ਘਰਾਂ ਵਿਚਕਾਰ ਸਮਝ ਹੀ ਨਹੀਂ ਆਉਂਦੀ ਕਿ ਕਿਹੜਾ ਵਿਹੜਾ ਕਿਸਦਾ ਹੈ! ਮੈਨੂੰ ਲੱਗਿਆ ਇਨ੍ਹਾਂ ਦੇ ਵਿਹੜੇ ਵਾਲਾ ਸੰਕਲਪ ਹੀ ਨਹੀਂ ਹੈ। ਘਰ ਇੱਕ-ਦੂਜੇ ਨਾਲ ਜੁੜੇ ਹੋਏ ਹਨ, ਚਾਰ ਦੀਵਾਰੀ ਕਿਸੇ ਟਾਵੇਂ ਟੱਲੇ ਘਰ ਦੇ ਹੀ ਕੀਤੀ ਹੋਈ ਹੈ। ਬਹੁਤੇ ਇੱਕ ਜਾਂ ਦੋ ਕਮਰਿਆਂ ਵਾਲੇ ਘਰ ਹੀ ਹਨ। ਛੱਤਾਂ ਢਲਾਣ ਵਾਲੀਆਂ ਹਨ।

ਮਹਾਂਨਗਰ ਕਲਕੱਤਾ ਦੇ ਨੇੜੇ ਹੋਣ ਕਰਕੇ ਸ਼ਹਿਰ ਦੀ ਸਬਜ਼ੀਆਂ ਦੀ ਮੰਗ ਇਹ ਪਿੰਡ ਪੂਰੀ ਕਰਦੇ ਹਨ, ਇਸ ਕਰਕੇ ਜ਼ਿਆਦਾਤਰ ਲੋਕਾਂ ਨੇ ਖੇਤਾਂ 'ਚ ਆਲੂ, ਮਿਰਚਾਂ, ਟਮਾਟਰ ਤੇ ਹੋਰ ਨਿੱਕੀਆਂ ਮੋਟੀਆਂ ਸਬਜ਼ੀਆਂ ਬੀਜੀਆਂ ਹੋਈਆਂ ਹਨ। ਪੰਜਾਬ ਬਾਰੇ ਇੱਥੋਂ ਦੇ ਪੇਂਡੂ ਇੰਨਾ ਜਾਣਦੇ ਹਨ ਕਿ ਉੱਥੇ ਵੱਡੇ ਵੱਡੇ ਖੇਤ ਹੁੰਦੇ ਆ। ਬੰਗਾਲੀ ਪੇਂਡੂਆਂ ਦੇ ਖੇਤ ਵੱਡੇ ਨਹੀਂ ਹਨ, ਮਰਲੇ-ਕਨਾਲਾਂ ਜਿੰਨੇ ਹੀ ਖੇਤਾਂ ਦੇ ਆਕਾਰ ਹਨ। ਜੇ ਕਿਸੇ ਕੋਲ ਜ਼ਿਆਦਾ ਜ਼ਮੀਨ ਹੈ ਵੀ, ਤਾਂ ਉਹ ਵੀ ਟੁਕੜਿਆਂ 'ਚ ਵੰਡੀ ਹੋਈ ਹੈ। ਇਸ ਕਰਕੇ ਇਨ੍ਹਾਂ ਲਈ ਖੇਤੀ ਲਾਹੇਵੰਦ ਧੰਦਾ ਹੋ ਹੀ ਨਹੀਂ ਸਕਿਆ, ਛੋਟੇ ਖੇਤਾਂ 'ਚ ਇਹ ਨਿਵੇਸ਼ ਕਰਨ ਦਾ ਜੋਖਮ ਕਿਵੇਂ ਉਠਾਉਣ? ਐੱਮ. ਐੱਸ. ਪੀ. ਵਰਗੀ ਸ਼ੈਅ ਇਨ੍ਹਾਂ ਨੂੰ ਨਹੀਂ ਪਤਾ। ਵਿਚੋਲੇ ਇਨ੍ਹਾਂ ਤੋਂ ਫਸਲਾਂ 'ਕੱਠੀਆਂ ਕਰਕੇ ਲਿਜਾਂਦੇ ਹਨ, ਅਗਲੇ ਸ਼ਹਿਰ 'ਚ ਭਾਵੇਂ ਤਿੱਗੁਣੀ ਵੇਚ ਦੇਣ। ਇਨ੍ਹਾਂ ਅਨੁਸਾਰ ਮੰਡੀਆਂ ਤਾਂ ਪੰਜਾਬ 'ਚ ਹੁੰਦੀਆਂ ਤੇ ਪੰਜਾਬ, ਬੰਗਾਲੀ ਪੇਂਡੂਆਂ ਲਈ ਕਿਸੇ ਵਲਾਇਤ ਵਰਗਾ ਹੈ।

*-ਅਮਨਦੀਪ ਕੌਰ ਖੀਵਾ*




## ਮੀਰੀ-ਪੀਰੀ ਦਾ ਅਸਥਾਨ

# ਅਕਾਲ ਤਖਤ ਸਾਹਿਬ ਦੀ ਸਿਰਜਣਾ ਤੇ ਮੰਤਵ

**ਅਕਾਲ ਤਖ਼ਤ ਸਾਹਿਬ ਨੂੰ ਆਪਣੀ ਸਰਬ-ਉੱਚਤਾ ਲਈ ਕਿਸੇ ਵੀ ਵਿਅਕਤੀ ਦੀ ਮੁਥਾਜੀ ਨਹੀਂ ਹੈ। ਇਸ ਨੂੰ ਗੁਰੂ-ਕਾਲ ਤੋਂ ਹੀ ਸਰਬ-ਉੱਚਤਾ ਪ੍ਰਾਪਤ ਰਹੀ ਹੈ।**



**ਦਿਲਜੀਤ ਸਿੰਘ ਬੇਦੀ**
**ਫੋਨ: +91-76579-68570**



ਗੁਰੂ ਨਾਨਕ ਸਾਹਿਬ ਨੇ ਕਮਾਲ ਦੀ ਯੋਜਨਾਬੰਦੀ ਨਾਲ ਨਿਰਬਲ ਹੋਈ ਜਨਤਾ ਨੂੰ ਹਲੂਣਿਆ, ਜਿਸ ਉਪਰ ਹੰਕਾਰੀ ਅਤੇ ਅਨੈਤਿਕ ਲੋਕ ਕਈ ਸਦੀਆਂ ਤੋਂ ਰਾਜ ਕਰ ਰਹੇ ਸਨ। ਗੁਰੂ ਜੀ ਨੇ ਇੱਕ ਮੁੱਢੋਂ ਆਜ਼ਾਦ ਧਰਮ ਅਤੇ ਪੰਥ ਦੀ ਸਿਰਜਣਾ ਕੀਤੀ। ਅਕਾਲ ਪੁਰਖ ਦੀ ਆਪਣੀ ਜੋਤਿ ਨੇ ਗੁਰੂ ਨਾਨਕ ਕਹਾਇਆ ਅਤੇ ਫਿਰ ਗੁਰੂ ਅੰਗਦ, ਅਮਰਦਾਸ ਅਤੇ ਗੁਰੂ ਰਾਮਦਾਸ ਰਾਹੀਂ ਇਹ ਜੋਤਿ ਗੁਰੂ ਅਰਜਨ ਦੇਵ ਜੀ ਵਿਚ ਪਰਵੇਸ਼ ਕੀਤੀ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਯੁੱਧ ਤਕ ਇੱਕੋ ਹੀ ਜੋਤਿ ਅਤੇ ਜੁਗਤਿ ਨਿਰੰਤਰ ਚੱਲਦੀ ਰਹੀ। ਇਹ ਜੋਤਿ ਜੁਗਤ, ਜੋ ਧਰਮ ਪਿਤਾ ਵਾਹਿਗੁਰੂ ਦੀ ਪ੍ਰੇਰਨਾ ਕਰਕੇ ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਗਟ ਹੋਈ ਸੀ, ਦਸ ਗੁਰੂ ਸਾਹਿਬਾਨ ਰਾਹੀਂ ਪ੍ਰਚਾਰੀ ਗਈ; ਉਸੇ ਨਿਰਮਲ ਤੇ ਖਾਲਸ ਧਰਮ ਦਾ ਨਾਮ ਗੁਰਮਤਿ ਹੈ:

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥...
ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥...
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ ਹਰਿ॥...
ਦੇਵਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ॥...
ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥
(ਪੰਨਾ 1408-1409)

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਮਕਾਲੀ ਮੋਹਸਿਨ ਫਾਨੀ, ਜਿਹੜਾ ਇਰਾਨ ਵੱਲੋਂ ਅੰਮ੍ਰਿਤਸਰ ਆਇਆ, ਨੇ ਆਪਣੀ ਕਿਤਾਬ ਦੇ 'ਨਾਨਕ ਪੰਥੀ' ਮਜ਼ਮੂਨ ਵਿਚ ਦਰਜ ਕੀਤਾ ਕਿ "ਦੁਨੀਆਂ ਦੇ ਮੁਲਕਾਂ ਦਾ ਸ਼ਾਇਦ ਹੀ ਕੋਈ ਸ਼ਹਿਰ ਹੋਵੇ, ਜਿਥੇ ਥੋੜ੍ਹੇ ਬਹੁਤ ਸਿੱਖ ਨਾ ਹੋਣ।" ਗੁਰੂ ਅਰਜਨ ਸਾਹਿਬ ਜੀ ਵੇਲੇ ਸਿੱਖੀ ਬਹੁਤ ਫੈਲੀ। ਉਨ੍ਹਾਂ ਨੇ ਪੰਥ ਨੂੰ ਬੁਨਿਆਦੀ ਤੱਥ ਸਮਝਾਉਣ ਲਈ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਦੇ ਵਕਤ ਸੱਤੇ ਬਲਵੰਡੇ ਦੀ ਵਾਰ ਅਤੇ ਭੱਟਾਂ ਦੇ ਸਵੱਈਏ ਦਰਜ ਕੀਤੇ।

ਗੁਰੂ ਅਰਜਨ ਦੇਵ ਜੀ ਨੇ "ਤੇਰਾ ਕੀਆ ਮੀਠਾ ਲਾਗੈ" ਉਚਾਰਦਿਆਂ ਸ਼ਹੀਦੀ ਤੋਂ ਪਹਿਲਾਂ ਭਾਈ ਬਿਧੀ ਚੰਦ ਘੋੜਸਵਾਰ ਰਾਹੀਂ ਲਾਹੌਰ ਤੋਂ ਅੰਮ੍ਰਿਤਸਰ ਸੰਗਤਾਂ ਨੂੰ ਸੁਨੇਹਾ ਭੇਜਿਆ ਕਿ "ਹਰਗੋਬਿੰਦ ਛੇਵੇਂ ਨਾਨਕ ਹਨ ਅਤੇ ਉਹ ਹਥਿਆਰਬੰਦ ਹੋ ਕੇ ਤਖ਼ਤ 'ਤੇ ਬੈਠਣ ਤੇ ਵੱਡੀ ਤੋਂ ਵੱਡੀ ਫੌਜ ਰੱਖਣ।" ਗੁਰੂ ਸਾਹਿਬ ਦੀ ਸ਼ਹੀਦੀ ਸਿੱਖਾਂ ਲਈ ਦਿਲ ਹਿਲਾ ਦੇਣ ਵਾਲੀ ਘਟਨਾ ਸੀ। ਇਸ ਘਟਨਾ ਨੇ ਸਿੱਖ ਧਰਮ ਅੰਦਰ ਇਨਕਲਾਬੀ ਮੋੜ ਲਿਆਂਦਾ। ਗੁਰੂ ਹਰਿਗੋਬਿੰਦ ਜੀ ਗੁਰੂ-ਪਿਤਾ ਦੀ ਸ਼ਹੀਦੀ ਵਕਤ 11 ਸਾਲ ਦੇ ਸਨ। ਇਸ ਸਮੇਂ ਸੰਗਤਾਂ ਨੂੰ ਕੀਰਤਨ ਕਰਨ ਅਤੇ ਸ਼ਹੀਦੀ ਨੂੰ ਅਕਾਲ ਪੁਰਖ ਦਾ ਹੁਕਮ ਮੰਨਦਿਆਂ ਭਾਣਾ ਮੰਨਣ ਦਾ ਹੁਕਮ ਕੀਤਾ ਅਤੇ ਕਿਹਾ ਕਿ ਉਹ ਜਲਦੀ ਹੀ ਪੰਥ ਅੱਗੇ ਨਵਾਂ ਪ੍ਰੋਗਰਾਮ ਰੱਖਣਗੇ।

ਜੂਨ 1606 ਈ: ਨੂੰ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਆਪ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ ਅਤੇ ਉਸਾਰੀ ਕਰਵਾਈ। ਇਸ ਉਪਰੰਤ ਉਨ੍ਹਾਂ ਫ਼ੁਰਮਾਇਆ ਕਿ ਤਖ਼ਤ ਉੱਪਰ ਸੁੰਦਰ ਗਲੀਚਾ ਵਿਛਾ ਕੇ ਉਪਰ ਸ਼ਾਹੀ ਠਾਠ ਵਾਲਾ ਚੰਦੋਆ ਲਗਾਉਣ ਅਤੇ ਉਹ ਆਪ ਤਿਆਰ ਹੋ ਕੇ ਆਉਣਗੇ। ਉਨ੍ਹਾਂ ਖ਼ੂਬਸੂਰਤ ਸ਼ਾਹੀ ਬਸਤਰ ਪਹਿਨ ਕੇ, ਦਸਤਾਰ 'ਤੇ ਕਲਗੀ, ਮੋਤੀਆਂ ਦੀ ਮਾਲਾ ਅਤੇ ਫੌਲਾਦੀ ਚੱਕਰ ਨਾਲ ਸੁਸ਼ੋਭਿਤ ਹੋਣ ਉਪਰੰਤ ਤਖ਼ਤ 'ਤੇ ਪਹੁੰਚੇ ਅਤੇ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਗੁਰਿਆਈ ਦੇ ਤਿਲਕ ਦੀ ਜਗ੍ਹਾ ਉਨ੍ਹਾਂ ਨੂੰ ਦੋ ਤਲਵਾਰਾਂ ਪਹਿਨਾਉਣ- ਇੱਕ ਮੀਰੀ ਦੀ ਅਤੇ ਇੱਕ ਪੀਰੀ ਦੀ। ਉਨ੍ਹਾਂ ਐਲਾਨ ਕੀਤਾ ਕਿ ਪਹਿਲੇ ਪੰਜ ਗੁਰੂ ਸਾਹਿਬਾਨ ਵੀ ਧਾਰਮਿਕ ਅਤੇ ਰਾਜਸੀ ਗੁਰੂ ਹੋ ਕੇ ਵਿਚਰਦੇ ਰਹੇ ਹਨ, ਪਰ ਹੁਣ ਅਸੀਂ ਨਾ ਸਿਰਫ ਪੰਥ ਨੂੰ ਸਗੋਂ ਸਾਰੇ ਸੰਸਾਰ ਨੂੰ ਆਪਣਾ ਰੂਪ ਪ੍ਰਤੱਖ ਕਰਨਾ ਹੈ। ਉਨ੍ਹਾਂ ਹੁਕਮ ਕੀਤਾ ਕਿ ਉਨ੍ਹਾਂ ਦੇ ਸੀਸ 'ਤੇ ਇੱਕ ਸਿੱਖ ਹਮੇਸ਼ਾ ਸ਼ਾਹੀ ਛਤਰ ਕਰਿਆ ਕਰੇ ਅਤੇ ਇੱਕ ਹੋਰ ਸਿੱਖ ਚੌਰ ਕਰਿਆ ਕਰੇ। ਉਨ੍ਹਾਂ ਪੰਥ ਨੂੰ ਪਹਿਲਾ ਹੁਕਮਨਾਮਾ ਜਾਰੀ ਕੀਤਾ ਕਿ ਸੰਗਤਾਂ ਕੋਲੋਂ ਉਨ੍ਹਾਂ ਨੂੰ ਹਥਿਆਰ, ਘੋੜੇ ਅਤੇ ਜਵਾਨੀ ਦੀਆਂ ਭੇਟਾਵਾਂ ਉਤਮ ਰੂਪ ਵਿਚ ਪ੍ਰਵਾਨ ਹੋਣਗੀਆਂ। ਆਪਣੇ ਸਿੱਖਾਂ ਦੀ ਮਾਨਸਿਕ ਅਤੇ ਸਰੀਰਕ ਅਵਸਥਾ ਇਤਨੀ ਉੱਚੀ ਕਰ ਦਿੱਤੀ ਕਿ ਜਦ ਗੁਰੂ ਜੀ ਨੇ ਸਿੱਖਾਂ ਨੂੰ ਚੰਗੀ ਨਸਲ ਦੇ ਘੋੜੇ ਲਿਆਉਣ ਲਈ ਸੰਕੇਤ ਦਿੱਤਾ ਤਾਂ ਅੰਮ੍ਰਿਤਸਰ ਤੋਂ ਘੋੜੇ ਲਿਆਉਣ ਲਈ ਸੈਂਕੜੇ ਸਿੱਖ ਤੁਰ ਪਏ। ਇਸ ਤਰ੍ਹਾਂ ਦਾ ਐਲਾਨ ਹਕੂਮਤ ਦੇ ਜ਼ੁਲਮਾਂ ਦੇ ਖਿਲਾਫ ਜੰਗ ਛੇੜਨ ਦਾ ਇੱਕ ਖੁੱਲ੍ਹਾ ਸੱਦਾ ਸੀ। ਅਕਾਲ ਤਖ਼ਤ ਸਾਹਿਬ ਗੁਰੂ ਅਰਜਨ ਸਾਹਿਬ ਜੀ ਦੇ ਡੁੱਲ੍ਹੇ ਖ਼ੂਨ ਦੀ ਪੈਦਾਵਾਰ ਹੈ। ਪੰਚਮ ਪਾਤਸ਼ਾਹ ਦੀ ਸ਼ਹੀਦੀ ਸਮੇਂ ਸਿੱਖਾਂ ਵਿਚ ਆਈ ਘਬਰਾਹਟ ਦੇਖ ਕੇ ਮਾਤਾ ਗੰਗਾ ਜੀ ਅਤੇ ਬਾਬਾ ਬੁੱਢਾ ਜੀ ਨੇ ਤਸੱਲੀ ਦਿੱਤੀ ਕਿ ਗੁਰੂ ਹਰਿਗੋਬਿੰਦ ਜੀ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਹਨ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਸ ਹੁਕਮ ਅਨੁਸਾਰ ਸਿੱਖ ਸੰਗਤਾਂ ਹਥਿਆਰਬੰਦ ਹੋ ਕੇ ਦਰਸ਼ਨਾਂ ਨੂੰ ਆਉਣ ਲੱਗੀਆਂ। ਗੁਰੂ ਸਾਹਿਬ ਨੇ ਸਿੱਖ ਸੂਰਬੀਰਾਂ ਨੂੰ ਬਾਬਾ ਬੁੱਢਾ ਜੀ ਦੀ ਦੇਖ-ਰੇਖ 'ਚ ਜੰਗਜੂ ਸੰਘਰਸ਼ ਲਈ ਤਿਆਰ ਕੀਤਾ ਤੇ ਇਨ੍ਹਾਂ ਦੇ ਚਾਰ ਜੱਥੇ ਬਣਾਏ। ਗੁਰੂ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਉੱਪਰ ਬੈਠ ਕੇ ਸਿੱਖ ਸੰਗਤਾਂ ਦੇ ਦਰਬਾਰ ਲਾਉਣੇ ਸ਼ੁਰੂ ਕਰ ਦਿੱਤੇ। ਅਕਾਲ ਤਖ਼ਤ ਸਾਹਿਬ ਸਾਹਮਣੇ ਕੁਸ਼ਤੀਆਂ, ਜੰਗਜੂ ਕਰਤੱਬ ਵਾਲੀਆਂ ਖੇਡਾਂ ਕਰਵਾਉਣੀਆਂ ਅਰੰਭ ਕਰ ਦਿੱਤੀਆਂ। ਢਾਡੀ ਬੀਰ-ਰਸੀ ਵਾਰਾਂ ਸੁਣਾਉਂਦੇ, ਸਿੱਖ ਸ਼ਕਤੀ ਦਾ ਖ਼ੂਨ ਜੋਸ਼ ਨਾਲ ਉਬਾਲੇ ਖਾਣ ਲੱਗਾ। ਅਕਾਲ ਤਖ਼ਤ ਸਾਹਿਬ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਲਹਿਰਾਏ ਗਏ, ਜੋ ਮੀਰੀ-ਪੀਰੀ ਦੀ ਸ਼ਕਤੀ ਦੇ ਪ੍ਰਤੀਕ ਹਨ।

ਗੁਰੂ ਜੀ ਰੋਜ਼ਾਨਾ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਸੰਗਤਾਂ ਦਾ ਦਰਬਾਰ ਲਗਾਉਂਦੇ, ਸਿੱਖਾਂ ਦੇ ਆਪਸੀ ਝਗੜਿਆਂ ਨੂੰ ਸੁਣਿਆ ਜਾਂਦਾ ਅਤੇ ਉਨ੍ਹਾਂ ਦਾ ਨਿਬੇੜਾ ਕੀਤਾ ਜਾਂਦਾ। ਇਸ ਦਰਬਾਰ ਨੇ ਸਾਬਤ ਕਰ ਦਿੱਤਾ ਕਿ ਸਿੱਖ ਕੌਮ ਸਿੱਖ ਧਾਰਮਿਕ ਖੇਤਰ ਵਿੱਚ ਹੀ ਸੁਤੰਤਰ ਨਹੀਂ, ਸਗੋਂ ਸੰਸਾਰਕ ਮਸਲਿਆਂ ਨੂੰ ਵੀ ਨਜਿੱਠਣ ਦੀ ਸ਼ਕਤੀ ਰੱਖਦੀ ਹੈ। ਇਹ ਆਤਮ ਨਿਰਣੈ ਲੈਣ ਦਾ ਇੱਕ ਜ਼ੋਰਦਾਰ ਪ੍ਰਗਟਾਵਾ ਸੀ। ਇਹ ਗੁਰੂ ਜੀ ਦੀ ਸ਼ਹਾਦਤ ਦਾ ਪ੍ਰਤੀਕਰਮ ਵੀ ਸੀ ਅਤੇ ਸ਼ਹਾਦਤ ਦੇ ਰੂਪ ਵਿੱਚ ਦਿੱਤੇ ਗਏ ਚੈਲੰਜ ਨੂੰ ਪ੍ਰਵਾਨ ਕਰਨ ਦਾ ਐਲਾਨ ਵੀ ਸੀ। ਅਕਾਲ ਤਖ਼ਤ ਸਾਹਿਬ ਪਰਉਪਕਾਰੀ ਵਡਯੋਧੇ ਗੁਰੂ ਦੀਆਂ ਅਨੰਤ ਬਖਸ਼ਿਸ਼ਾਂ ਦਾ ਰੂਹਾਨੀ ਕ੍ਰਿਸ਼ਮਾ ਹੈ।

ਮੋਹਸਿਨ ਫਾਨੀ ਅਨੁਸਾਰ ਗੁਰੂ ਜੀ ਨੇ 2200 ਦੀ ਫੌਜ ਤਿਆਰ ਕੀਤੀ, ਜਿਸ ਵਿਚ 60 ਬੰਦੂਕਚੀ, 300 ਘੋੜ-ਸਵਾਰ ਜਿਨ੍ਹਾਂ ਲਈ 700 ਘੋੜੇ ਸਨ। ਸਰਹਿੰਦ ਦੇ ਨਕਸ਼ਬੰਦੀ ਮੁਸਲਮਾਨ, ਜਿਹੜੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਖੁਸ਼ ਹੋਏ ਸਨ, ਉਹ ਗੁਰੂ ਹਰਿਗੋਬਿੰਦ ਜੀ ਦੇ ਕਾਰਨਾਮੇ ਦੇਖ ਕੇ ਹੈਰਾਨ ਰਹਿ ਗਏ ਅਤੇ ਉਨ੍ਹਾਂ ਜਹਾਂਗੀਰ ਨੂੰ ਜ਼ੋਰਦਾਰ ਸ਼ਿਕਾਇਤ ਕੀਤੀ ਕਿ ਤੇਰੇ ਰਾਜ ਵਿਚ ਕੀ ਹੋ ਰਿਹਾ ਹੈ, ਜੋ ਕਾਫਰਾਂ ਦਾ ਗੁਰੂ ਤੇਰੇ ਰਾਜ ਵਿਚ ਤਖ਼ਤ 'ਤੇ ਬੈਠਦਾ ਹੈ, ਸੱਚਾ ਪਾਤਸ਼ਾਹ ਕਹਾਉਂਦਾ ਹੈ ਅਤੇ ਉਸ ਨੇ ਆਧੁਨਿਕ ਫੌਜ ਵੀ ਰੱਖੀ ਹੋਈ ਹੈ। ਜਦ ਜਹਾਂਗੀਰ ਨੇ ਤਲਬ ਕੀਤਾ ਤਾਂ ਗੁਰੂ ਸਾਹਿਬ ਆਪਣੇ ਫੌਜੀਆਂ ਦੀ ਗਾਰਦ ਨਾਲ ਲੈ ਕੇ ਸ਼ਾਹੀ ਠਾਠ ਨਾਲ ਜਹਾਂਗੀਰ ਨੂੰ ਮਿਲੇ ਅਤੇ ਸਪੱਸ਼ਟ ਕੀਤਾ ਕਿ "ਭਾਵੇਂ ਉਹ ਅਕਾਲ ਦੇ ਤਖ਼ਤ 'ਤੇ ਸੁਸ਼ੋਭਿਤ ਹੁੰਦੇ ਹਨ, ਪਰ ਉਨ੍ਹਾਂ ਨੇ ਦੁਨੀਆਂ ਦੇ ਕਿਸੇ ਰਾਜ ਦੇ ਇੱਕ ਗਜ਼ ਹਿੱਸੇ ਉਪਰ ਵੀ ਕਬਜ਼ਾ ਨਹੀਂ ਕੀਤਾ। ਅਕਾਲ ਦੇ ਤਖ਼ਤ ਦਾ ਕਾਰਜ ਖੇਤਰ ਸਾਰਾ ਸੰਸਾਰ ਹੈ ਅਤੇ ਅਕਾਲ ਪੁਰਖ ਵੱਲੋਂ ਉਨ੍ਹਾਂ ਨੂੰ ਕੁਲ ਆਲਮ ਦੇ ਲੋਕਾਂ ਨੂੰ ਰਾਹਤ ਦੇਣ ਦੀ ਜ਼ਿੰਮੇਵਾਰੀ ਮਿਲੀ ਹੋਈ ਹੈ।" "ਜਹਾਂਗੀਰ ਨੂੰ ਇਸ ਬਾਤ ਦੀ ਸਮਝ ਨਾ ਆਈ ਅਤੇ ਉਸ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ। ਗੁਰੂ ਸਾਹਿਬ ਨੇ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਉਹ ਆਪਣੇ ਕੀਰਤਨ ਅਤੇ ਲੋਹ-ਲੰਗਰ ਦੇ ਪ੍ਰੋਗਰਾਮ ਜਾਰੀ ਰੱਖਣ। ਅੰਮ੍ਰਿਤਸਰ ਤੋਂ ਗਵਾਲੀਅਰ ਵੱਲ ਕੀਰਤਨ ਕਰਦੀਆਂ ਸਿੱਖਾਂ ਦੀਆਂ ਟੋਲੀਆਂ ਨੇ ਚਾਲੇ ਪਾ ਦਿੱਤੇ। ਰਸਤੇ ਵਿਚ ਸਭ ਨੂੰ ਲੰਗਰ ਛਕਾਉਂਦੇ ਅਤੇ ਕਿਲ੍ਹੇ ਦੇ ਦੁਆਲੇ ਸਤਿਨਾਮੁ ਦਾ ਜਾਪ ਕਰਦੇ। ਇਸ ਸਮੇਂ ਕੀਰਤਨ ਕਰਦੇ ਸਿੱਖਾਂ ਨੇ ਸਿੱਖੀ ਦਾ ਕਮਾਲ ਦਾ ਪ੍ਰਚਾਰ ਕੀਤਾ, ਜਿਸ ਨਾਲ ਸਿੱਖੀ ਪ੍ਰਚਾਰ ਨੂੰ ਬਲ ਮਿਲਿਆ। ਸਿੱਖਾਂ ਦੀ ਚੜ੍ਹਦੀ ਕਲਾ ਵੇਖ ਕੇ ਅੰਤ ਵਿਚ ਜਹਾਂਗੀਰ ਨੇ ਸੱਚੇ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨਾਲ 52 ਹੋਰ ਰਾਜਸੀ ਰਾਜਿਆਂ ਨੂੰ ਵੀ ਰਿਹਾਅ ਕਰ ਦਿੱਤਾ। ਬੜੀ ਸ਼ਾਨ ਨਾਲ ਮਾਰਚ ਕਰਦਾ ਹੋਇਆ ਗੁਰੂ ਪਾਤਸ਼ਾਹ ਜੀ ਦਾ ਵੱਡਾ ਕਾਫਲਾ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਪਹੁੰਚਿਆ ਅਤੇ ਸਭ ਨੇ ਖੁਸ਼ੀ ਵਿਚ ਆਤਿਸ਼ਬਾਜੀ ਤੇ ਦੀਪਮਾਲਾ ਨਾਲ ਗੁਰੂ ਜੀ ਦਾ ਜੋਸ਼ੋ-ਖਰੋਸ਼ ਨਾਲ ਸਵਾਗਤ ਕੀਤਾ। ਸਿੱਖਾਂ ਨੂੰ ਯਕੀਨ ਹੋ ਗਿਆ ਕਿ ਮੁਗਲਾਂ ਨੇ ਇਸ ਅਲੌਕਿਕ ਅਕਾਲ ਤਖ਼ਤ ਸਾਹਿਬ ਅਧੀਨ ਸਰਬ ਸੰਸਾਰ ਦੇ ਇਲਾਹੀ ਰਾਜ ਨੂੰ ਮਾਨਤਾ ਦਿੱਤੀ ਹੈ। ਅਕਾਲ ਤਖ਼ਤ ਸਾਹਿਬ ਖਾਲਸਾ ਪੰਥ ਦੀ ਸੁਤੰਤਰਤਾ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

"ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਐਸੀ ਸੰਸਥਾ ਬਣ ਚੁੱਕੀ ਹੈ, ਜਿਸ ਨੂੰ ਸਿੱਖਾਂ ਦੀਆਂ ਧਾਰਮਿਕ ਜਾਂ ਰਾਜਨੀਤਕ ਗਤੀਵਿਧੀਆਂ ਜਾਂ ਸਿੱਖ ਰਾਜਨੀਤੀ ਵਿੱਚੋਂ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਦੀ ਸਥਾਪਨਾ ਤੋਂ ਹੁਣ ਤੀਕ ਸਮੁੱਚਾ ਸਿੱਖ ਸੰਘਰਸ਼ ਇਸ ਦੇ ਦੁਆਲੇ ਕੇਂਦਰਿਤ ਰਹੇ ਹਨ। ਰਾਜਨੀਤਕ ਸਿਧਾਂਤਾਂ ਅਨੁਸਾਰ ਜੋ ਸਥਿਤੀਆਂ ਕਿਸੇ ਕੌਮ ਲਈ ਜ਼ਰੂਰੀ ਹੁੰਦੀਆਂ ਹਨ, ਉਨ੍ਹਾਂ ਵਿੱਚ ਝੰਡਾ, ਫ਼ਲਸਫ਼ਾ, ਬੋਲੀ ਅਤੇ ਸੁਤੰਤਰ ਤੌਰ 'ਤੇ ਵਿਚਰਣ ਦੀ ਯੋਗਤਾ; ਸਿੱਖ ਕੌਮ ਇਨ੍ਹਾਂ ਦੀ ਧਾਰਨੀ ਹੈ। ਖਾਲਸਾ ਪੰਥ ਪਾਸ ਆਪਣਾ ਕੇਸਰੀ ਨਿਸ਼ਾਨ ਸਾਹਿਬ (ਝੰਡਾ), ਆਪਣਾ ਧਾਰਮਿਕ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਗੁਰਮੁੱਖੀ ਵਿਚ ਲਿਖੀ ਜਾਣ ਵਾਲੀ ਪੰਜਾਬੀ ਬੋਲੀ, ਸਰਬੱਤ ਖਾਲਸਾ ਦੇ ਰੂਪ ਵਿੱਚ ਸੰਗਠਿਤ ਪ੍ਰਣਾਲੀ।" ਅਕਾਲ ਤਖ਼ਤ ਸਾਹਿਬ ਦੇ ਪ੍ਰਕਾਸ਼ਨ ਨਾਲ ਸਿੱਖ ਚਿੰਤਨ ਦੇ ਸੰਕਲਪੀ ਪ੍ਰਸੰਗ ਵਿੱਚ ਭਗਤੀ ਤੇ ਸ਼ਕਤੀ, ਮੀਰੀ ਤੇ ਪੀਰੀ ਅਤੇ ਸੰਤ ਤੇ ਸਿਪਾਹੀ ਵਰਗੇ ਵੱਖ-ਵੱਖ ਲੱਗਦੇ ਸੰਕਲਪਾਂ ਨੂੰ ਇੱਕੱਤਰ ਰੂਪ ਵਿੱਚ ਪ੍ਰਸਤੁਤ ਕਰਨ ਦੀ ਪਹਿਲ ਸਿੱਖ ਧਰਮ ਨੇ ਕੀਤੀ। ਅਕਾਲ ਤਖ਼ਤ ਸਾਹਿਬ ਦੇ ਸੰਕਲਪ ਨੂੰ ਵਿਚਾਰਿਆ ਜਾਵੇ ਤਾਂ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਦਰਬਾਰ ਸਾਹਿਬ ਰਾਹੀਂ ਖਾਲਸਾਈ ਜੋਤਿ ਦੀ ਅਤੇ ਅਕਾਲ ਤਖ਼ਤ ਸਾਹਿਬ ਰਾਹੀਂ ਖਾਲਸਾਈ ਜੁਗਤਿ ਦੀ ਪ੍ਰਤੀਨਿਧਤਾ ਹੋਈ ਹੈ। ਅੰਮ੍ਰਿਤਸਰ ਸਾਹਿਬ ਦੇ ਦਰਸ਼ਨ-ਦੀਦਾਰ ਅਤੇ ਅਕਾਲ ਤਖ਼ਤ ਸਾਹਿਬ ਦੇ ਓਟ ਆਸਰੇ ਬਿਨਾ ਕੋਈ ਸਿੱਖ ਜੀਅ ਨਹੀਂ ਸਕਦਾ। ਇਹ ਦੋਵੇਂ ਸੰਸਥਾਵਾਂ ਸਾਰੀ ਦੁਨੀਆਂ 'ਚ ਵਸਦੇ ਸਿੱਖਾਂ ਦੇ ਮਨਾਂ ਵਿੱਚ ਵਸੀਆਂ ਹੋਈਆਂ ਹਨ। ਅਕਾਲ ਤਖ਼ਤ ਸਾਹਿਬ ਬਾਦਸ਼ਾਹੀ ਤੋਂ ਸੱਚੀ ਪਾਤਸ਼ਾਹੀ ਦੇ ਸੰਕਲਪ ਦੀ ਸਿਰਜਣਾ ਦਾ ਚਿੰਨ੍ਹ ਹੈ। ਅਕਾਲ-ਨੀਤੀ ਦੀ ਉਸਾਰੀ ਦੀ ਪੂਰਬ ਕਲਪਨਾ ਦਾ ਚਿੰਨ੍ਹ, ਨੁਕਤਾ ਜਾਂ ਆਦਿ ਨਿਸ਼ਾਣੁ ਅਕਾਲ ਤਖ਼ਤ ਸਾਹਿਬ, ਮਾਨਵਤਾ ਦੇ ਮਹਾਂ-ਉਥਾਨ ਦਾ ਜ਼ਾਮਨ ਹੈ। ਧਰਮ ਸ਼ਾਸਤਰ ਦੇ ਇਤਿਹਾਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮਾਨਵ-ਚੇਤਨਾ ਦਾ ਇੱਕ ਅਜਿਹਾ ਕੇਂਦਰ ਹੈ, ਜਿਥੇ ਸਿਰਫ ਤੇ ਸਿਰਫ ਅਕਾਲ ਪੁਰਖ ਦੀ ਕਿਰਪਾ ਦਾ ਪਾਤਰ ਹੋਣਾ ਹੀ ਪਹਿਲੀ ਸ਼ਰਤ ਹੈ।" -ਡਾ. ਸੁਖਦਿਆਲ ਸਿੰਘ)

"ਸਿੱਖ ਸਿਧਾਂਤ, ਸਿੱਖ ਸੰਸਥਾਵਾਂ ਅਤੇ ਸਿੱਖ ਵਿਸ਼ਵਾਸ ਨੂੰ ਇੱਕ ਦੂਜੇ ਦੀ ਨਿਰੰਤਰਤਾ ਵਿਚ ਜਾਂ ਇੱਕ ਦੂਜੇ ਦੀ ਪੂਰਕਤਾ ਵਿੱਚ ਹੀ ਵੇਖੇ ਜਾਣ ਦੀ ਲੋੜ ਹੈ। ਅਕਾਦਮਿਕ ਖੇਤਰ ਵਿਚ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਨੂੰ ਵਰਤਣ ਵਾਲੇ ਵਿਦਵਾਨਾਂ ਨੇ, ਇਸ ਸਤਿ ਦਾ ਕੋਈ ਨੈਤਿਕ ਬੰਧਨ ਕਬੂਲ ਨਹੀਂ ਕੀਤਾ ਜਾਪਦਾ। ਸਿੱਟਾ ਇਹ ਨਿਕਲਿਆ ਹੈ ਕਿ ਅਧਿਆਤਮਿਕਤਾ ਤੇ ਇਤਿਹਾਸ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ‘ਕੁਲੀ’ ਦਾ ਵੰਸ਼

## ਸ਼ਬਦੋ ਵਣਜਾਰਿਓ



**ਪਰਮਜੀਤ ਢੀਂਗਰਾ**
ਫੋਨ: +91-94173-58120



ਭਾਰਤੀ ਭਾਸ਼ਾਵਾਂ ਵਿੱਚ ਬਹੁਤ ਸਾਰੇ ਸ਼ਬਦ, ਜੋ ਨੀਵੇਂ ਦਰਜੇ ਦੇ ਭਾਵ ਰਖਦੇ ਸਨ, ਬਸਤੀਵਾਦੀ ਕਾਲ ਵਿੱਚ ਸਾਡੀਆਂ ਭਾਸ਼ਾਵਾਂ ਵਿੱਚ ਦਾਖਲ ਹੋਏ। ਇਨ੍ਹਾਂ ਵਿੱਚੋਂ ਇਕ ਸ਼ਬਦ ‘ਕੁਲੀ’ ਹੈ। ਫ਼ਾਰਸੀ ਕੋਸ਼ਾਂ ਵਿੱਚ ਇਹਦੇ ਅਰਥ ਗੁਲਾਮ, ਨੌਕਰ ਕੀਤੇ ਗਏ ਹਨ। ਪੰਜਾਬੀ ਨਿਰੁਕਤ ਕੋਸ਼ ਅਨੁਸਾਰ: ਕੁਲੀ= ਮੁਸਾਫਰਾਂ ਦਾ ਭਾਰ ਉਠਾਉਣ ਵਾਲਾ ਮਜ਼ਦੂਰ ਅੰਗ। Coolie ਸੰਭਵ ਤੌਰ ’ਤੇ ਕੋਲੀ (ਇਕ ਆਦਮ ਜਾਤ ਦਾ ਬੰਦਾ)। ਅਰਬੀ ਕੋਸ਼ ਅਨੁਸਾਰ: ਤੁਰਕੀ= ਕੁਲੀ, ਗੁਲਾਮ, ਦਾਸ, ਮਜ਼ਦੂਰ, ਬੋਝਾ-ਚੁਕ, ਭਾਰ ਢੋਣ ਵਾਲਾ, ਰੇਲਵੇ ਸਟੇਸ਼ਨਾਂ ’ਤੇ ਬੋਝਾ ਬਿਸਤਰਾ ਚੁਕ ਕੇ ਗੱਡੀ ਵਿੱਚ ਚੜ੍ਹਾਉਣ ਤੇ ਲਾਹੁਣ ਵਾਲਾ। ਮਹਾਨ ਕੋਸ਼ ਵਿੱਚ ਵੀ ਅਜਿਹੇ ਅਰਥ ਕੀਤੇ ਗਏ ਹਨ। ਨਵੇਂ ਮਹਾਨ ਕੋਸ਼ ਵਿੱਚ ਤੁਰਕੀ ਫਾਰਸੀ ਦੇ ਗੁਲਾਮ, ਮਜ਼ਦੂਰ, ਸਮਾਨ ਉਠਾਉਣ ਵਾਲਾ ਅਰਥ ਕੀਤੇ ਗਏ ਹਨ। ਪੰਜਾਬੀ ਕੋਸ਼ਾਂ ਵਿੱਚ ਵੀ ਲਗਪਗ ਅਜਿਹੇ ਅਰਥ ਹੀ ਮਿਲਦੇ ਹਨ। ਭਾਰਤੀ ਭਾਸ਼ਾਵਾਂ ਵਿੱਚ ਸਟੇਸ਼ਨਾਂ ਅਤੇ ਅੱਡਿਆਂ ਉਤੇ ਸਮਾਨ ਢੋਣ ਵਾਲੇ ਦੇ ਤੌਰ ’ਤੇ ਇਹ ਸਾਂਝਾ ਸ਼ਬਦ ਹੈ, ਜਿਸਦਾ ਭਾਵ ਹੈ- ਉਹ ਮਜ਼ਦੂਰ, ਜੋ ਇਨ੍ਹਾਂ ਥਾਂਵਾਂ ’ਤੇ ਸਮਾਨ ਢੋਂਦਾ ਹੈ। ਕਿਸੇ ਸਮੇਂ ਬ੍ਰਿਟਿਸ਼ ਸਾਮਰਾਜਵਾਦੀ ਨੀਤੀ ਦਾ ਨਫਰਤ ਭਰਿਆ ਵਿਹਾਰ ਇਸ ਵਿੱਚੋਂ ਝਲਕਦਾ ਸੀ। ਸਾਰੀਆਂ ਬ੍ਰਿਟਿਸ਼ ਤੇ ਫਰੈਂਚ ਬਸਤੀਆਂ ਵਿੱਚ ਮੂਲ ਨਿਵਾਸੀਆਂ ਲਈ ਅੰਗਰੇਜ਼ ਕੁਲੀ ਸ਼ਬਦ ਵਰਤਦੇ ਸਨ। ਅੰਗਰੇਜ਼ੀ, ਪੁਰਤਗਾਲੀ ਤੋਂ ਇਲਾਵਾ ਤੁਰਕੀ, ਚੀਨੀ, ਵਿਅਤਨਾਮੀ, ਬਰਮੀ ਆਦਿ ਭਾਸ਼ਾਵਾਂ ਵਿੱਚ ਵੀ ਇਹ ਵਰਤਿਆ ਜਾਂਦਾ ਹੈ।

ਹਾਲਾਂਕਿ ਇਹ ਸ਼ਬਦ ਭਾਰਤੀ ਮੂਲ ਦਾ ਹੈ, ਪਰ ਇਹ ਯੂਰਪ ਵਾਸੀਆਂ ਦੀ ਦੇਣ ਹੈ। ਆਰੀਆ ਭਾਸ਼ਾ ਪਰਿਵਾਰ ਦਾ ਨਾ ਹੋ ਕੇ ਇਹ ਦਰਾਵੜ ਭਾਸ਼ਾ ਪਰਿਵਾਰ ਦਾ ਹੈ। ਇਹ ਤਾਮਿਲ ਮੂਲ ਦਾ ਸ਼ਬਦ ਹੈ ਤੇ ਕੰਨੜ ਵਿੱਚ ਵੀ ਬੋਲਿਆ ਜਾਂਦਾ ਹੈ। ਇਨ੍ਹਾਂ ਦੋਹਾਂ ਭਾਸ਼ਾਵਾਂ ਵਿੱਚ ਇਹਦਾ ਉਚਾਰਣ ‘ਕੂਲਿ’ ਦੇ ਰੂਪ ਵਿੱਚ ਹੁੰਦਾ ਹੈ, ਜਿਸਦਾ ਅਰਥ ਹੈ- ਉਹ ਮਜ਼ਦੂਰ ਅਥਵਾ ਦਾਸ, ਜੋ ਮਿਹਨਤ ਦੇ ਬਦਲੇ ਪੈਸੇ ਲੈਂਦਾ ਹੈ। ਗੁਜਰਾਤ ਦੇ ਤੱਟਵਰਤੀ ਇਲਾਕੇ ਵਿੱਚ ਇਕ ਆਦਮ ਜਨਜਾਤੀ ਦਾ ਵੀ ਇਹੀ ਨਾਂ ਹੈ। ਤਕਰੀਬਨ ਪੰਜ ਹਜ਼ਾਰ ਵਰ੍ਹੇ ਪਹਿਲਾਂ ਦਰਾਵੜ ਭਾਸ਼ਾਵਾਂ ਦਾ ਵਿਸਥਾਰ ਉਤਰ-ਪੱਛਮੀ ਭਾਰਤ ਤੱਕ ਸੀ ਤੇ ਆਪਸੀ ਸੰਪਰਕ ਕਰਕੇ ਇਹ ਸ਼ਬਦ ਇਥੋਂ ਤੁਰਕੀ ਵਿੱਚ ਗਿਆ ਹੋਵੇਗਾ, ਜਿਥੇ ਇਹਦਾ ਰੂਪ ਬਣਿਆ- ‘ਕੁਲ੍’ ਭਾਵ ਦਾਸ; ਤੇ ਇਥੋਂ ਹੀ ਇਹ ਅਰਬੀ-ਫ਼ਾਰਸੀ ਵਿੱਚ ਜਾ ਕੇ ਕੁਲੀ ਬਣ ਗਿਆ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਸੋਲ੍ਹਵੀਂ ਸਦੀ ਦੇ ਨੇੜੇ-ਤੇੜੇ ਪੁਰਤਗਾਲੀਆਂ ਨੇ ਜਦੋਂ ਭਾਰਤ ਦੇ ਦੱਖਣੀ ਤੱਟ ’ਤੇ ਪੈਰ ਪਸਾਰਨੇ ਸ਼ੁਰੂ ਕੀਤੇ ਤਾਂ ਉਹ ਇਸ ਸ਼ਬਦ ਦੇ ਸੰਪਰਕ ਵਿੱਚ ਆਏ। ਪੁਰਤਗਾਲੀਆਂ ਤੋਂ ਬਾਅਦ ਫਰਾਂਸੀਸੀਆਂ ਨੇ ਇਹ ਸ਼ਬਦ ਲਿਆ। ਸਤਾਰਵੀਂ ਸਦੀ ਤੱਕ ਯੂਰਪੀ ਲੋਕ ਇਸਨੂੰ ਅਪਨਾ ਚੁੱਕੇ ਸਨ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਕੁਲੀ ਸ਼ਬਦ ਚੀਨੀ ਭਾਸ਼ਾ ਦੇ ਸ਼ਬਦ ‘ਕੂ-ਲਿ’ ਤੋਂ ਬਣਿਆ ਹੈ, ਜਿਸਦਾ ਅਰਥ ਹੈ- ਸਖਤ ਮਿਹਨਤ। ਜਦੋਂ ਯੂਰਪੀ ਚੀਨ ਵਿੱਚ ਗਏ ਤਾਂ ਇਹਦੇ ਅਰਥ ਹੀਣਤਾ ਗ੍ਰਹਿਣ ਕਰ ਗਏ। ਸਵੈ-ਸਨਮਾਨ ਨਾਲ ਮਿਹਨਤ ਕਰਨ ਦੀ ਥਾਂ ਇਹ ਗੁਲਾਮੀ ਦਾ ਬੋਝਾ ਢੋਣ ਵਾਲੇ ਅਰਥ ਗ੍ਰਹਿਣ ਕਰ ਗਿਆ। ਹੌਲੀ ਹੌਲੀ ਇਹ ਸ਼ਬਦ ਦੱਖਣੀ ਏਸ਼ੀਆਈ ਦੇਸ਼ਾਂ ਦੇ ਉਨ੍ਹਾਂ ਮਿਹਨਤਕਸ਼ਾਂ ਲਈ ਰੂੜ੍ਹ ਹੋ ਗਿਆ, ਜਿਨ੍ਹਾਂ ਨੂੰ ਮਜਬੂਰੀ ਵਸ ਵਿਦੇਸ਼ੀ ਹਾਕਮਾਂ ਲਈ ਖੂਨ ਪਸੀਨਾ ਵਹਾਉਣਾ ਪੈਂਦਾ ਸੀ। ਪੁਰਤਗਾਲੀਆਂ ਰਾਹੀਂ ਅੰਗਰੇਜ਼ੀ ਵਿੱਚ ਗਿਆ ਇਹ ਸ਼ਬਦ ਹੌਲੀ ਹੌਲੀ ਸਫਰ ਕਰਦਾ ਬ੍ਰਿਟਿਸ਼ ਬਸਤੀਆਂ ਜਿਵੇਂ ਚੀਨ, ਭਾਰਤ, ਬਰਮਾ, ਵੀਅਤਨਾਮ, ਤਾਇਵਾਨ ਤੇ ਦੱਖਣੀ ਅਫਰੀਕਾ ਵਿੱਚ ਜਾ ਪਹੁੰਚਿਆ।

ਭਾਰਤੀ ਭਾਸ਼ਾਵਾਂ ਵਿੱਚ ਕੁਲੀਗੀਰੀ ਸ਼ਬਦ ਵੀ ਪ੍ਰਚਲਤ ਹੈ। ਅਠਾਰਵੀਂ ਸਦੀ ਦੇ ਅਰੰਭ ਵਿੱਚ ਅੰਗਰੇਜ਼ਾਂ ਨੇ ਸਸਤੇ ਮਜਦੂਰਾਂ ਤੇ ਰੂਪ ਵਿੱਚ ਦੂਰ-ਦੁਰਾਡੇ ਦੀਆਂ ਆਪਣੀਆਂ ਬਸਤੀਆਂ ਵਿੱਚ ਇਨ੍ਹਾਂ ਕੁਲੀਆਂ ਨੂੰ ਮੋਰੇਸ਼ੀਅਸ, ਅਮਰੀਕਾ, ਕੈਨੇਡਾ ਤੱਕ ਢੋਇਆ ਤੇ ਇਹ ਸ਼ਬਦ ਸਾਰੀ ਦੁਨੀਆਂ ਵਿੱਚ ਫੈਲ ਗਿਆ। ਆਮ ਤੌਰ ’ਤੇ ਦੱਖਣੀ ਅਫਰੀਕਾ, ਗੁਆਨਾ, ਫੀਜ਼ੀ, ਮੋਰੇਸ਼ੀਅਸ ਤੇ ਟ੍ਰਿਨੀਡਾਡ ਵਰਗੀਆਂ ਅੰਗਰੇਜ਼ੀ ਬਸਤੀਆਂ ਵਿੱਚ ਭਾਰਤੀ ਮਜਦੂਰਾਂ/ਕਰਮਚਾਰੀਆਂ ਦੀ ਕੁਲੀ ਵਜੋਂ ਨਿਖਿਧ ਪਛਾਣ ਹੁੰਦੀ ਸੀ। ਜਦੋਂ ਮਹਾਤਮਾ ਗਾਂਧੀ ਦੱਖਣੀ ਅਫਰੀਕਾ ਦੀ ਯਾਤਰਾ ’ਤੇ ਗਏ ਤਾਂ ਪ੍ਰੀਟੋਰੀਆ, ਜੋਹਨਸਬਰਗ ਵਿੱਚ ਉਨ੍ਹਾਂ ਨੂੰ ਕੁਲੀ ਬੈਰਿਸਟਰ ਕਿਹਾ ਜਾਂਦਾ ਸੀ। ਬ੍ਰਿਟਿਸ਼ ਬਸਤੀਵਾਦੀ ਦੇਸ਼ਾਂ ਵਿੱਚ ਜਦੋਂ ਭਾਰਤੀ ਦਿਵਾਲੀ, ਮੁਹੱਰਮ ਜਾਂ ਈਦ ਮਨਾਉਂਦੇ ਸਨ, ਉਨ੍ਹਾਂ ਨੂੰ ‘ਕੁਲੀ ਕਾਰਨੀਵਲ’ ਕਿਹਾ ਜਾਂਦਾ ਸੀ। ਇਸ ਤਰ੍ਹਾਂ ਇਹ ਸ਼ਬਦ ਅੱਜ ਵੀ ਬਸਤੀਵਾਦੀ ਰਹਿੰਦ-ਖੂੰਹਦ ਦਾ ਪ੍ਰਤੀਕ ਹੈ।

---

# ਮੀਰੀ-ਪੀਰੀ ਦਾ ਅਸਥਾਨ

ਨੂੰ, ਸਿਧਾਂਤ ਤੇ ਸੰਸਥਾਵਾਂ ਨੂੰ, ਫ਼ਲਸਫ਼ੇ ਤੇ ਧਰਮ ਵਿਗਿਆਨ ਨੂੰ ਅਤੇ ਵਿਸ਼ਵਾਸ ਤੇ ਸਮਾਜਿਕਤਾ ਨੂੰ ਗੁਰਬਾਣੀ ਵਿੱਚ ਪ੍ਰਾਪਤ ਜੋਤਿ ਅਤੇ ਜੁਗਤੀ ਦੇ ਮਾਡਲ ਅਨੁਸਾਰ ਪਰਖਣ ਦੀ ਥਾਂ, ਪ੍ਰਾਪਤ ਅਕਾਦਮਿਕ ਅੰਤਰ-ਦ੍ਰਿਸ਼ਟੀਆਂ ਅਨੁਸਾਰ ਢਾਲਣ ਲਈ ਖਿੱਚ ਧੂਹ ਕੇ ਪੇਸ਼ ਕੀਤਾ ਜਾ ਰਿਹਾ ਹੈ। ਲਿਖਣ ਵਾਸਤੇ ਲਿਖਣ ਦੀ ਆਜ਼ਾਦੀ ਨਾਲ, ਪ੍ਰਮਾਣਿਕ ਸਿੱਖ ਦ੍ਰਿਸ਼ਟੀਕੋਣ ਨੂੰ ਸਾਹਮਣੇ ਲਿਆਉਣ ਵਿਚ ਦਿੱਕਤਾਂ ਪੇਸ਼ ਆ ਰਹੀਆਂ ਹਨ। ਵਰਤਮਾਨ ਵਿਚ ਅਕਾਲ ਤਖ਼ਤ ਸਾਹਿਬ ਬਾਰੇ ਇਸ ਕਿਸਮ ਦੀਆਂ ਮੁਸ਼ਕਲਾਂ ਦਾ ਬਹੁਤ ਚਰਚਾ ਹੋਇਆ ਹੈ। ਸਿਆਸੀ ਵਿਰੋਧ ਨੂੰ ਧਾਰਮਿਕ ਵਿਰੋਧ ਵਜੋਂ ਪੇਸ਼ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ। ਜਿਹੜੇ ਵਿਦਵਾਨ ਸਿੱਖੀ ਜੀਵਨ ਤੋਂ ਦੂਰ ਹਨ, ਉਨ੍ਹਾਂ ਨੇ ਆਪਣੀਆਂ ਕਮਜ਼ੋਰੀਆਂ ਦੀ ਜ਼ਿੰਮੇਵਾਰੀ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਸੁੱਟਣ ਦਾ ਯਤਨ ਕੀਤਾ ਹੈ। ਅਕਾਦਮਿਕ ਖੁੱਲ੍ਹ ਦੇ ਉਲਾਰ ਵਿਚ, ਜੱਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਪੁਜਾਰੀ ਅਤੇ ਅਕਾਲ ਤਖ਼ਤ ਸਾਹਿਬ ਨੂੰ ਗੁਰਦੁਆਰਿਆਂ ਵਿੱਚੋਂ ਇੱਕ ਗੁਰਦੁਆਰਾ ਸਾਬਤ ਕਰਨ ਲਈ, ਜੋ ਜੀਅ ਆਇਆ, ਕਿਹਾ ਅਤੇ ਲਿਖਿਆ ਗਿਆ ਹੈ।” -ਡਾ. ਬਲਕਾਰ ਸਿੰਘ

“ਅਸੀਂ, ਬਿਖੜੇ-ਸੱਭਿਆਚਾਰ-ਅਵਚੇਤਨ ਦੀਆਂ ਵਿਨਾਸ਼ਕਾਰੀ ਹੱਦਾਂ ਵਿੱਚੋਂ ਗੁਜ਼ਰ ਰਹੇ ਹਾਂ। ਸਮੁੱਚੇ ਭਾਰਤ ਦਾ ਨੈਤਿਕ, ਸਿਆਸੀ ਅਤੇ ਧਾਰਮਿਕ ਆਪਾ ਇੱਕ ਵਿਸ਼ੇਸ਼ ਕਿਸਮ ਦੀ ਆਂਤਰਿਕ ਟੁੱਟ-ਭੱਜ ਦਾ ਸ਼ਿਕਾਰ ਹੋ ਰਿਹਾ ਹੈ। ਭਾਰਤ ਭੂ-ਖੰਡ ਦਾ ਸਤਿਕਾਰ ਦੁਨੀਆਂ ’ਚ ਦਿਨੋ ਦਿਨ ਘਟ ਰਿਹਾ ਹੈ? ਸੰਭਵ ਹੈ, ਇਸ ਦੇ ਸਤਿਕਾਰ ਦੇ ਘਟ ਜਾਣ ਦਾ ਕਾਰਨ ਸ਼ਾਇਦ ਇਹ ਵੀ ਹੋਵੇ ਕਿ ਸਾਰੀਆਂ ਸਿਆਸੀ ਜਮਾਤਾਂ ਨੇ ਧਰਮਾਂ ਨੂੰ ਨਿੱਤ ਵਰਤੋਂ ਦਾ ਹਥਿਆਰ ਬਣਾ ਕੇ ਵਰਤਣ ਦੀ ਵਿਨਾਸ਼ਕਾਰੀ ਖੇਡ ਖੇਡੀ ਹੈ। ਧਾਰਮਿਕ ਤੇਜੱਸਵ ਦੀ ਪੁਨਰ-ਸਥਾਪਤੀ ਲਈ ਅਜਿਹੇ ਯਤਨ ਪੰਥ ਤੇ ਸਮੁੱਚੇ ਭਾਰਤ ਭੂ-ਖੰਡ ਦੇ ਵਿਕਾਸ ਅਤੇ ਇਸ ਦੀਆਂ ਸਰਬ-ਉੱਚ ਮਾਣ-ਮਰਿਆਦਾਵਾਂ ਤੇ ਸੰਭਾਵਨਾਵਾਂ ਦੀ ਸਥਾਪਤੀ ਲਈ ਕਾਰਗਰ ਸਿੱਧ ਹੋ ਸਕਦੇ ਹਨ। ਧਰਮ ਦੇ ਵਿਕਾਸ ਦਾ ਜ਼ੁੰਮਾ ਨਾਸਤਿਕ ਸਿਆਸੀ ਮਾਫੀਆ ਦੇ ਹੱਥਾਂ ਵਿਚ ਆ ਸਕਦਾ ਹੈ। ਸ਼ਾਇਦ ਰੱਬ ਦੀ ਥਾਂ ਪੁਜਾਰੀ ਨੇ ਮੱਲ ਲਈ ਹੈ ਅਤੇ ਬਾਣੀ ਦੀ ਥਾਂ ਮਹਿਜ਼ ਵਿਆਖਿਆ ਦੇ ਸ਼ੌਕ ਨੇ ਮੱਲ ਲਈ ਹੈ। ਇਸ ਕਿਸਮ ਦਾ ਸੰਕਟ ਪੰਥ ਨੂੰ ਹਰ ਸਮੇਂ ਦਰਪੇਸ਼ ਰਿਹਾ ਹੈ। ਇਹ ਸੰਕਟ ਸਾਡੇ ਸਵੱਛ-ਅਧਿਆਤਮਕ ਚਿੰਤਨ ਨੂੰ ਸਾਂਝੇ-ਅਵਚੇਤਨ ’ਚ ਪਰਿਵਰਤਿਤ ਨਹੀਂ ਹੋਣ ਦੇ ਰਿਹਾ। ਇਸੇ ਕਾਰਨ ਸਾਡਾ ਧਾਰਮਿਕ ਤੇ ਮਾਨਸਿਕ ਅਵਚੇਤਨ ਨਿਤਾਪ੍ਰਤੀ ਟੁੱਟ ਰਿਹਾ ਹੈ। ਇਨ੍ਹਾਂ ਮਹਾਨ ਸੰਸਥਾਵਾਂ ਦਾ ਮਹੱਤਵ ਤੇ ਰੁਤਬਾ ਸਾਨੂੰ ਉਦੋਂ ਪਤਾ ਲੱਗਦਾ ਹੈ, ਜਦੋਂ ਭਾਈ ਮਨੀ ਸਿੰਘ ਵਰਗੇ ਚਿੰਤਕ ਤੇ ਸ਼ਹੀਦ ਦੁਨੀਆਂ ਨੂੰ ਇਹ ਸਮਝਾ ਦਿੰਦੇ ਹਨ ਕਿ ਚਿੰਤਨ ਤੇ ਜ਼ਿੰਦਗੀ ਦੋ ਵੱਖ-ਵੱਖ ਮੁੱਦੇ ਨਹੀਂ ਹਨ, ਸਗੋਂ ਇਹ ਅਕਾਲ ਪੁਰਖ ਦੇ ਵਰੋਸਾਏ ਹੋਏ ਏਕੀਕ੍ਰਿਤ-ਮੁੱਦੇ ਹਨ। ਇਹੋ ਅਕਾਲ ਤਖ਼ਤ ਸਾਹਿਬ ਦਾ ਸ਼ਾਸਤਰੀ-ਨੇਮ ਜਾਂ ਨੈਤਿਕ ਜ਼ਿੰਦਗੀਨਾਮਾ ਬਣਦਾ ਹੈ। ਇਹੀ ਦੈਵੀ-ਫ਼ਲਸਫ਼ਾ ਸਦ-ਜਾਗਤ ਜੋਤਿ ਅਕਾਲ ਪੁਰਖ ਦੀ ਅੰਸ਼ ਬਣਨ ਦੀ ਮਿੱਠੀ ਵੰਗਾਰ ਵੀ ਬਣਦਾ ਹੈ।” -ਡਾ. ਕੁਲਵੰਤ ਸਿੰਘ ਗਰੇਵਾਲ

ਅਕਾਲ ਤਖ਼ਤ ਸਾਹਿਬ ਨੂੰ ਆਪਣੀ ਸਰਬ-ਉੱਚਤਾ ਲਈ ਕਿਸੇ ਵੀ ਵਿਅਕਤੀ ਦੀ ਮੁਥਾਜੀ ਨਹੀਂ ਹੈ। ਇਸ ਨੂੰ ਗੁਰੂ-ਕਾਲ ਤੋਂ ਹੀ ਸਰਬ-ਉੱਚਤਾ ਪ੍ਰਾਪਤ ਰਹੀ ਹੈ। ਕਵੀ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਤੇ ਹੋਰ ਲੇਖਕ ਇਸ ਬਾਰੇ ਗਵਾਹੀ ਆਪਣੀਆਂ ਲਿਖਤਾਂ ਵਿਚ ਵੀ ਕਰਦੇ ਹਨ। ਜਿਹੜੇ ਵਿਅਕਤੀ ਇਹ ਸਮਝਦੇ ਹਨ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਅਜ਼ਮਤ ਵਿੱਚ ਕੋਈ ਵਾਧਾ ਜਾਂ ਘਾਟਾ ਕਰ ਸਕਦੇ ਹਨ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੌਮੀ ਰੂਹ ਵਿੱਚ ਉਤਰ ਚੁੱਕੀਆਂ ਸੰਸਥਾਵਾਂ ਨੂੰ ਬੌਧਿਕ ਕਲਾਬਾਜ਼ੀਆਂ ਅਤੇ ਚਾਤਰੀ ਨਾਲ ਪੈਦਾ ਕੀਤੇ ਆਸਰਿਆਂ ਦੀ ਲੋੜ ਨਹੀਂ ਪੈਂਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 1920 ਈ: ਤੋਂ ਲੈ ਕੇ ਅੱਜ ਤਕ ਅਜਿਹੀ ਪੰਥਕ ਸੰਸਥਾ ਸਾਬਤ ਹੋਈ ਹੈ, ਜਿਸ ਨੇ ਲਗਾਤਾਰ ਇਹ ਕੋਸ਼ਿਸ਼ ਕੀਤੀ ਹੈ ਕਿ ਅਕਾਲ ਤਖ਼ਤ ਸਾਹਿਬ ਅਤੇ ਬਾਕੀ ਤਖ਼ਤ ਸਾਹਿਬਾਨ ਦੀ ਆਨ ਤੇ ਸ਼ਾਨ ਨੂੰ ਚਮਕਾਉਣ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਇਸ ਦੇ ਬਾਵਜੂਦ ਅਕਾਲ ਤਖ਼ਤ ਸਾਹਿਬ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ, ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਸਿਧਾਂਤਕ ਪੱਧਰ ‘ਤੇ ਆਪਸੀ ਤਾਲਮੇਲ ਅਤਿ ਜ਼ਰੂਰੀ ਹੈ। ਇਸ ਬਿਨਾ ਇਹ ਸੰਸਥਾਵਾਂ ਪ੍ਰਫੁਲਤ ਨਹੀਂ ਹੋ ਸਕਦੀਆਂ। ਇਨ੍ਹਾਂ ਤਿੰਨਾਂ ਸੰਸਥਾਵਾਂ ਦਾ ਜਬਰੀ ਮਿਲਗੋਬਾ ਨਹੀਂ ਹੋਣਾ ਚਾਹੀਦਾ। ਸਹੀ ਅਰਥਾਂ ਵਿਚ ਅਜੋਕੇ ਦੌਰ ਵਿੱਚ ਇਨ੍ਹਾਂ ਤਿੰਨਾਂ ਸੰਸਥਾਵਾਂ ਦੇ ਸੰਚਾਲਕ ਸਿੱਖ ਜਗਤ ਵਿਚ ਚੁਣੌਤੀਆਂ ਨਾਲ ਜੂਝ ਰਹੇ ਹਨ। ਕਾਰਨ ਸਾਫ ਹੈ ਕਿ ਜਦੋਂ ਸਿਧਾਤਾਂ ਦੀ ਬਲੀ ਦੇ ਕੇ ਕੋਈ ਸਰਦਾਰੀ ਕਾਇਮ ਕਰਨਾ ਚਾਹੇਗਾ ਤਾਂ ਅਜਿਹੇ ਹਲਾਤਾਂ ਨਾਲ ਦੋ-ਚਾਰ ਹੋਣਾ ਹੀ ਪਵੇਗਾ।

ਕੀਤਾ ਕੀ ਜਾਵੇ? ਇਹ ਤਿੰਨੇ ਸੰਸਥਾਵਾਂ ਆਪਣੇ ਮੁੱਢਲੇ ਸਿੱਖ ਸਿਧਾਂਤਾਂ ਦੀ ਰੌਸ਼ਨੀ ਵਿਚ ਸਿੱਖ ਕਿਰਦਾਰ ਪੈਦਾ ਕਰਕੇ ਪ੍ਰਚਾਰ ਦਾ ਖੇਤਰ ਚੁਨਣ। ਹਰ ਦੇਸ਼ ਵਿਚ ਯੂਨਿਟ ਕਾਇਮ ਕਰਕੇ ਸੇਵਾ, ਸਿਮਰਨ, ਕਿਰਤ ਦਾ ਸਿਧਾਂਤ ਨਿਮਰਤਾ ਨਾਲ ਪ੍ਰਚਾਰਨ। ਆਧੁਨਿਕ ਸਾਧਨਾਂ ਰਾਹੀਂ ਨਵੀਂ ਪਨੀਰੀ ਨੂੰ ਸਿੱਖ ਇਤਿਹਾਸ, ਧਰਮ ਬਾਰੇ ਜਾਣਕਾਰੀ ਮੁਹੱਈਆ ਕਰਨ ਦਾ ਯਤਨ ਕੀਤਾ ਜਾਵੇ। ਕਹਿਣੀ ਤੇ ਕਥਨੀ ਦਾ ਪਾਠ ਸਰਵਣ ਹੀ ਨਾ ਕਰਵਾਇਆ ਜਾਵੇ, ਪਹਿਲਾਂ ਉਨ੍ਹਾਂ ਦੇ ਧਾਰਨੀ ਹੋਇਆ ਜਾਵੇ; ਆਪ ਰੋਲ ਮਾਡਲ ਬਣਨ ਦੀ ਲੋੜ ਹੈ। ਨਵੀਨਤਮ ਕਿਸਮ ਨਾਲ ਸੁੰਦਰ ਦਿਲਚਸਪ ਸਾਹਿਤ, ਗਤੀਵਿਧੀਆਂ ਪ੍ਰਚਾਰਨ ਲਈ ਟੀ.ਵੀ. ਚੈਨਲਾਂ, ਸੋਸ਼ਲ ਮੀਡੀਆ ਤੇ ਅਖਬਾਰਾਂ, ਰਸਾਲਿਆਂ ਨੂੰ ਹਥਿਆਰ ਵਜੋਂ ਜੰਗੀ ਪੱਧਰ ‘ਤੇ ਅਪਣਾਇਆ ਜਾਵੇ। ਸੰਸਾਰ ਵਿਚ ਵੱਧਦੇ ਸਿੱਖ ਭਾਈਚਾਰੇ ਨੂੰ ਇੱਕ ਲੜੀ ਵਿਚ ਪਰੋਣ ਲਈ ਇੱਕ ਅਜਿਹਾ ਦਸਤਾਵੇਜ਼ ਤਿਆਰ ਹੋਵੇ, ਜਿਸ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲ ਤਖਤ ਸਾਹਿਬ ਤੋਂ ਹੋਣ ਵਾਲੇ ਸਮਾਜ ਉਸਾਰੂ ਫੈਸਲਿਆਂ ਨੂੰ ਇੱਕ ਕਲਿੱਕ ਰਾਹੀਂ ਭੇਜ ਸਕੇ। ਇਸ ਵਾਸਤੇ ਯੂਨਿਟ ਕਾਇਮ ਕੀਤੇ ਜਾਣ। ਜਿਹੜੀਆਂ ਸੰਸਥਾਵਾਂ ਆਪਣੇ ਆਪ ਨੂੰ ਬੁੱਧੀਜੀਵੀ ਵਰਗ ਨਾਲੋਂ ਤੋੜ ਲੈਂਦੀਆਂ ਜਾਂ ਦੂਰੀ ਬਣਾ ਲੈਂਦੀਆਂ ਹਨ, ਉਨ੍ਹਾਂ ਦਾ ਵਜੂਦ ਅਖੀਰ ਜਲਦ ਹੀ ਖਾਤਮੇ ਵੱਲ ਵੱਧ ਜਾਂਦਾ ਹੈ। ਅੱਜ ਸਵੈ-ਪੜਚੋਲ ਦੀ ਲੋੜ ਹੈ, ਜੋ ਹੋ ਨਹੀਂ ਰਹੀ।

---

## ਬੋਲੀ ਅਵਰ ਤੁਮਾਰੀ

**ਡਾ. ਹਰਜੀਤ ਸਿੰਘ ਸੱਧਰ**
ਫੋਨ: +1 9878748483

ਕਿਉਂ ਨਾ ਪੂਜਾਂ ਮਾਂ ਬੋਲੀ ਨੂੰ,
ਜਿਸਨੇ ਦਿੱਤੀਆਂ ਲੋਰੀਆਂ।
ਮਸਾਂ ਮਸਾਂ ਇਹਨੂੰ ਹੱਕ ਹੈ ਮਿਲਿਆ,
ਸਹਿ ਸਹਿ ਧਿੰਗਾਂਜ਼ੋਰੀਆਂ।

ਜਿਸਦੀ ਗੋਦੀ ਖੇਡ ਖੇਡ ਕੇ
ਬਚਪਨ ਸੀ ਬਿਤਾਇਆ।
ਜਿਸਨੇ ਮਿੱਠਾ ਬੋਲ ਬੋਲ ਸੀ
ਰੁੱਸਿਆਂ ਨੂੰ ਮਨਾਇਆ।
ਉਸ ਮਾਂ ਦੀਆਂ ਅਣਮੁੱਲੀਆਂ ਦਾਤਾਂ
ਜਾ ਨਹੀਂ ਸਕਦੀਆਂ ਮੋੜੀਆਂ।
ਕਿਉਂ ਨਾ ਪੂਜਾਂ...।

ਸਦੀਆਂ ਪਹਿਲਾਂ ਗੁਰੂ ਨਾਨਕ ਨੇ,
ਸਾਡੀ ਅਣਖ ਉਭਾਰੀ।
ਉਸ ਬਾਬੇ ਨੇ ਤਾੜ ਕੇ ਆਖਿਆ,
‘ਬੋਲੀ ਅਵਰ ਤੁਮਾਰੀ’।
ਬਾਣੀ ਗਾ-ਗਾ ਮਾਂ ਬੋਲੀ ਦੀਆਂ,
ਘਰ-ਘਰ ਗੱਲਾਂ ਤੋਰੀਆਂ।
ਕਿਉਂ ਨਾ ਪੂਜਾਂ...।

ਲੱਖ ਕਰੋੜਾਂ ਅਸੀਂ ਪੰਜਾਬੀ
ਖੁੱਲ੍ਹਾ ਖਾਂਦੇ-ਪੀਂਦੇ।
ਜਿੰਦਾ-ਦਿਲ ਹਾਂ ਇਸ ਜ਼ਿੰਦਗੀ ਨੂੰ
ਹੱਕ ਸਮਝ ਕੇ ਜੀਂਦੇ।
ਫਿਰ ਵੀ ਜੇ ਮਾਂ ਗਲੀਏਂ ਰੁਲਦੀ
ਸਾਡੀਆਂ ਨੇ ਕਮਜ਼ੋਰੀਆਂ।
ਕਿਉਂ ਨਾ ਪੂਜਾਂ...।

# ਵਿਸ਼ਵ ਸ਼ਾਂਤੀ ਵਿਚ ਕਵਿਤਾ ਦਾ ਯੋਗਦਾਨ

**ਮਨੁੱਖੀ ਇਤਿਹਾਸ ਵਿੱਚ ਪਹਿਲਾ ਸੰਸਾਰ ਯੁੱਧ ਦੁਨੀਆਂ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਵੱਧ ਬੰਦੇ ਖਾਣ ਵਾਲਾ ਯੁੱਧ ਸਾਬਿਤ ਹੋਇਆ, ਜੋ 1914 ਤੋਂ 1918 ਤੱਕ ਚੱਲਿਆ। ਮਨੁੱਖ ਜਾਂ ਹੁਕਮਰਾਨਾਂ ਦੀ ਹਉਮੈ ਯੁੱਧਾਂ/ਜੰਗਾਂ ਦੀ ਜਨਮਦਾਤੀ ਹੈ। ਉਹ ਆਪਣੇ ਮੁਫ਼ਾਦ ਲਈ ਆਮ ਲੋਕਾਂ ਨੂੰ ਜੰਗ ਦੀ ਅੱਗ ਵਿੱਚ ਡਾਹ ਦਿੰਦੇ ਹਨ। ਕਿਉਂਕਿ ਇਹ ਜੰਗ ਸਾਡੇ ਘਰਾਂ, ਸਾਡੇ ਮਨਾਂ ਵਿੱਚ ਆ ਵੜੀ ਹੈ, ਇਹੋ ਵਜ੍ਹਾ ਹੈ ਕਿ ਧਰਮਾਂ, ਰੰਗਾਂ, ਨਸਲਾਂ ਦੀ ਲੜਾਈ ਨੇ ਬਹੁਤੇ ਲੋਕਾਂ ਦੇ ਦਿਲਾਂ ਵਿੱਚੋਂ ਦਇਆ ਕੱਢ ਕੇ ਕਠੋਰਤਾ ਭਰ ਦਿੱਤੀ ਹੈ। ਹਥਲੇ ਲੇਖ ਵਿੱਚ ਸਥਾਪਿਤ ਕਵਿੱਤਰੀ ਤੇ ਲੇਖਿਕਾ ਸੁਰਜੀਤ (ਟੋਰਾਂਟੋ) ਨੇ ਸੰਸਾਰ ਸ਼ਾਂਤੀ ਵਿੱਚ ਕਵਿਤਾ ਦੇ ਯੋਗਦਾਨ ਦੀ ਗੱਲ ਕਰਦਿਆਂ ਲਿਖਿਆ ਹੈ ਕਿ ਤਵਾਰੀਖ ਵੱਲ ਨਜ਼ਰ ਮਾਰੀਏ ਤਾਂ ਮਨੁੱਖ ਨੇ ਸੱਤਾ ਨੂੰ ਹਥਿਆਉਣ ਲਈ ਅਨੇਕਾਂ ਜੰਗਾਂ ਲੜੀਆਂ ਹਨ ਅਤੇ ਕਵਿਤਾ ਨੇ ਇਨ੍ਹਾਂ ਦੇ ਭਿਆਨਕ ਸਿੱਟਿਆਂ ਦੇ ਦਰਦਨਾਕ ਦ੍ਰਿਸ਼ਾਂ ਨੂੰ ਪੇਸ਼ ਕਰਕੇ ਜੰਗ ਵਿਰੁੱਧ ਆਵਾਜ਼ ਉੱਠਾਈ। ਹਾਲ ਹੀ ਵਿੱਚ ਲੇਖਿਕਾ ਨੇ ਕਾਵਿ ਸੰਗ੍ਰਹਿ "ਲਵੈਂਡਰ" (ਕੈਨੇਡਾ ਦੀ ਚੋਣਵੀਂ ਪੰਜਾਬੀ ਕਵਿਤਾ) ਦੀ ਸੰਪਾਦਨਾ ਕੀਤੀ ਹੈ।**



ਵਿਸ਼ਵ ਸ਼ਾਂਤੀ ਦਾ ਪ੍ਰਤੀਕ ਚਿੰਨ੍ਹ

**ਸੁਰਜੀਤ (ਟੋਰਾਂਟੋ)**
**ਫੋਨ: 416-605-3784**
**surijtk33@gmail.com**



ਕਵਿਤਾ ਦਿਲ ਦੀ ਜ਼ੁਬਾਨ ਹੁੰਦੀ ਹੈ ਅਤੇ ਸੰਵੇਦਨਾ ਇਸ ਦੀਆਂ ਰਗਾਂ ਵਿੱਚ ਦੌੜਦਾ ਲਹੂ ਹੈ। ਕਵਿਤਾ ਦਾ ਪ੍ਰਯੋਜਨ ਸਤਿਅੰਮ ਸ਼ਿਵੰਮ ਸੁੰਦਰਮ ਭਾਵ ਜੀਵਨ ਦੀ ਸੱਚਾਈ, ਕਲਿਆਣ ਅਤੇ ਸੁਹੱਪਣ ਨੂੰ ਸਾਕਾਰ ਕਰਨਾ ਹੁੰਦਾ ਹੈ। ਸੰਵੇਦਨਾ ਭਰਪੂਰ ਹੋਣ ਕਰਕੇ ਕਵਿਤਾ ਦਿਲ 'ਤੇ ਸਿੱਧੀ ਚੋਟ ਕਰਦੀ ਹੈ, ਇਸ ਲਈ ਕਵਿਤਾ ਰਾਹੀਂ ਮਾਨਵ ਪ੍ਰੇਮ ਅਤੇ ਅਮਨ ਸ਼ਾਂਤੀ ਦਾ ਸੁਨੇਹਾ ਦਿੱਤਾ ਜਾਂਦਾ ਰਿਹਾ ਹੈ। ਉਂਝ ਤਾਂ ਸਾਰਾ ਹੀ ਸਾਹਿਤ ਕਲਿਆਣਕਾਰੀ ਹੁੰਦਾ ਹੈ ਅਤੇ ਮਾਨਵ ਹਿਤਾਂ ਦੀ ਹਾਮੀ ਭਰਦਾ ਹੈ, ਪਰ ਕਵਿਤਾ ਵਿੱਚ ਜਜ਼ਬਾ ਵਧੇਰੇ ਤੀਖਣ ਹੋਣ ਕਾਰਨ ਇਹ ਮਾਨਵਤਾ ਦੇ ਹੱਕ ਵਿੱਚ ਵਧੇਰੇ ਭੁਗਤਦੀ ਹੈ। ਕਵਿਤਾ ਨੇ ਜੋ ਜੰਗਾਂ ਦੇ ਵਿਰੁੱਧ ਆਵਾਜ਼ ਉਠਾਈ ਅਤੇ ਲੋਕਾਂ ਨੂੰ ਅਮਨ ਸ਼ਾਂਤੀ ਨਾਲ ਰਹਿਣ ਦਾ ਸੰਦੇਸ਼ ਦਿੱਤਾ, ਉਹ ਸਲਾਹੁਣਯੋਗ ਹੈ।

ਤਵਾਰੀਖ ਵੱਲ ਨਜ਼ਰ ਮਾਰੀਏ ਤਾਂ ਮਨੁੱਖ ਨੇ ਸੱਤਾ ਨੂੰ ਹਥਿਆਉਣ ਲਈ ਅਨੇਕਾਂ ਜੰਗਾਂ ਲੜੀਆਂ ਹਨ ਅਤੇ ਕਵਿਤਾ ਨੇ ਇਨ੍ਹਾਂ ਦੇ ਭਿਆਨਕ ਸਿੱਟਿਆਂ ਦੇ ਦਰਦਨਾਕ ਦ੍ਰਿਸ਼ਾਂ ਨੂੰ ਪੇਸ਼ ਕਰਕੇ ਜੰਗ ਵਿਰੁੱਧ ਆਵਾਜ਼ ਉੱਠਾਈ। ਜੰਗ ਦਾ ਨਾਂ ਸੁਣਦਿਆਂ ਹੀ ਤਬਾਹੀ ਤੇ ਸਹਿਮ ਦੇ ਕਿੰਨੇ ਭਿਆਨਕ ਸੀਨ ਅੱਖਾਂ ਅੱਗੇ ਮੰਡਰਾਉਣ ਲੱਗਦੇ ਨੇ! ਵਿਨਾਸ਼ਕਾਰੀ ਜੰਗ, ਆਦਮਖਾਣੀ ਜੰਗ ਸਦਾ ਮਨੁੱਖ ਦੇ ਅੰਬਰ 'ਤੇ ਮੰਡਰਾਉਂਦੀ ਰਹੀ, ਕਹਿਰ ਢਾਹੁੰਦੀ ਰਹੀ ਅਤੇ ਲੋਕਾਂ ਦੀ ਮਾਨਸਿਕ, ਆਤਮਿਕ ਤੇ ਸ਼ਰੀਰਕ ਸ਼ਕਤੀ ਤਹਿਸ ਨਹਿਸ ਕਰਦੀ ਰਹੀ। ਜੰਗ ਨੇ ਘਰਾਂ ਦੇ ਘਰ, ਬਸਤੀਆਂ ਦੀਆਂ ਬਸਤੀਆਂ, ਸ਼ਹਿਰਾਂ ਦੇ ਸ਼ਹਿਰ ਅਤੇ ਪੂਰੇ ਦੇਸ਼ਾਂ ਦੇ ਦੇਸ਼ ਉਜਾੜ ਕੇ ਰੱਖ ਦਿੱਤੇ। ਜੰਗ ਤਾਕਤ ਜਾਂ ਹਥਿਆਰਾਂ ਦੀ ਅਜ਼ਮਾਇਸ਼ ਲਈ ਨਹੀਂ ਲੜੀ ਜਾਂਦੀ, ਮਨੁੱਖ ਦੀ ਹਉਮੈ ਜੰਗਾਂ ਦੀ ਜਨਮਦਾਤੀ ਹੈ। ਜੰਗ ਦੇ ਪਰਿਣਾਮ ਮਾਰੂ ਹੁੰਦੇ ਹਨ- ਇਹ ਚਾਹੇ ਮਹਾਂਭਾਰਤ ਦਾ ਯੁੱਧ ਹੋਵੇ, ਕਾਰਗਿਲ ਦੀ ਲੜਾਈ ਹੋਵੇ, ਕਰਬਲਾ ਦਾ ਮੈਦਾਨ ਹੋਵੇ, ਸੀਰੀਆ ਦੀ ਖਾਨਾਜੰਗੀ ਹੋਵੇ, ਰੂਸ ਅਤੇ ਯੂਕਰੇਨ ਦੀ ਲੜਾਈ ਹੋਵੇ, ਸੰਸਾਰ ਯੁੱਧ ਜਾਂ ਇਤਿਹਾਸ ਵਿੱਚ ਲੜਿਆ ਕੋਈ ਵੀ ਯੁੱਧ ਹੋਵੇ, ਇਹ ਕੇਵਲ ਪਿੱਛੇ ਲੋਥਾਂ ਦੇ ਸੱਥਰ ਵਿਛਾਉਂਦੀ ਹੈ। ਕੌਣ ਮਰਿਆ, ਕਿੱਥੇ ਮਰਿਆ- ਇਸਨੂੰ ਕੋਈ ਫ਼ਰਕ ਨਹੀਂ ਪੈਂਦਾ, ਪਰ ਲੋਕਾਂ ਦੀ ਜ਼ਿੰਦਗੀ 'ਤੇ ਇਸਦਾ ਬਹੁਤ ਮਾਰੂ ਅਸਰ ਪੈਂਦਾ ਹੈ। ਕਵੀਆਂ ਦੇ ਕੋਮਲ ਮਨ ਅਮਨ ਦੇ ਪੁਜਾਰੀ ਹੁੰਦੇ ਹਨ, ਉਹ ਕੁਰਲਾ ਉੱਠਦੇ ਹਨ ਅਤੇ ਆਪਣੀ ਕਲਮ ਨੂੰ ਜੰਗ ਵਿਰੋਧੀ ਤੇ ਅਮਨ ਸ਼ਾਂਤੀ ਬਰਕਰਾਰ ਰੱਖਣ ਵਾਲੀਆਂ ਕਵਿਤਾਵਾਂ ਕਹਿਣੋਂ ਨਹੀਂ ਰੋਕ ਸਕਦੇ। ਬਾਬਾ ਨਜ਼ਮੀ ਕਹਿੰਦਾ ਹੈ:

ਮਸਜਦ ਮੇਰੀ ਤੂੰ ਕਿਉਂ ਢਾਵੇਂ ਮੈਂ ਕਿਉਂ ਤੋੜਾਂ ਮੰਦਰ ਨੂੰ।
ਆ ਜਾ ਦੋਵੇਂ ਬਹਿ ਕੇ ਪੜ੍ਹੀਏ ਇੱਕ ਦੂਜੇ ਦੇ ਅੰਦਰ ਨੂੰ।

ਸਦੀਆਂ ਵਾਂਗੂੰ ਅੱਜ ਵੀ ਕੁਝ ਨਈਂ ਜਾਣਾ ਮਸਜਦ ਮੰਦਰ ਦਾ,
ਲਹੂ ਤੇ ਤੇਰਾ ਮੇਰਾ ਲੱਗਣਾ ਤੇਰੇ ਮੇਰੇ ਖ਼ੰਜਰ ਨੂੰ।

ਲੋਕ ਕਦੇ ਵੀ ਜੰਗ ਨਹੀਂ ਚਾਹੁੰਦੇ, ਉਹ ਚੈਨ ਨਾਲ ਜੀਣਾ ਚਾਹੁੰਦੇ ਹਨ ਪਰ ਹੁਕਮਰਾਨਾਂ ਦੇ ਆਪਣੇ ਮੁਫ਼ਾਦ ਆਪਣੇ ਦੇਸ਼ ਦੇ ਨਾਗਰਿਕਾਂ ਨੂੰ ਜੰਗ ਦੀ ਅੱਗ ਵਿੱਚ ਡਾਹ ਦਿੰਦੇ ਨੇ। ਉਹ ਪਾੜੋ ਅਤੇ ਰਾਜ ਕਰੋ ਦੀ ਨੀਤੀ ਅਪਣਾ ਕੇ ਲੋਕਾਂ ਨੂੰ ਇੱਕ ਦੂਜੇ ਨਾਲ ਲੜਾਉਂਦੇ ਨੇ ਤੇ ਖ਼ੁਦ ਫਾਇਦਾ ਚੁੱਕਦੇ ਨੇ। ਕਵੀ ਲੋਕਾਂ ਦੀ ਇਸ ਪੀੜ ਨੂੰ ਬਹੁਤ ਸ਼ਿੱਦਤ ਨਾਲ ਸਮਝਦਾ ਹੈ। ਬੰਗਾਲੀ ਕਵੀ ਲਾਲਟੂ 'ਉਨ੍ਹਾਂ ਮੁਹੱਲਿਆਂ ਵਿਚ' ਨਾਮੀ ਆਪਣੀ ਕਾਵਿ ਰਚਨਾ ਵਿੱਚ ਜੰਗ ਦੁਆਰਾ ਹੋਈ ਤਬਾਹੀ ਦੀ ਮਾਰਮਿਕ ਤਸਵੀਰ ਖਿੱਚਦਾ ਹੋਇਆ ਲੋਕਾਂ 'ਤੇ ਪਏ ਜੰਗ ਦੇ ਭਿਆਨਕ ਪ੍ਰਭਾਵਾਂ ਨੂੰ ਇਉਂ ਬਿਆਨ ਕਰਦਾ ਹੈ:


'ਚਲੋ ਉਨ੍ਹਾਂ ਮੁਹੱਲਿਆਂ ਵਿੱਚ ਹੋ ਆਈਏ ਜਿੱਥੇ ਕੋਈ ਨਹੀਂ ਸੁੱਤਾ
ਉੱਥੇ ਬੱਦਲਾਂ ਵਿੱਚ ਬਾਰੂਦ ਦੀ ਬਦਬੂ ਹੈ
ਉੱਥੇ ਕਣੀਆਂ ਮਰ ਰਹੀਆਂ ਨੇ ਜ਼ਹਿਰ ਵਿੱਚ ਘੁਲ਼ ਕੇ
ਇੱਥੇ ਕਿਸ ਉਡੀਕ ਵਿੱਚ ਬੈਠੇ ਹੋ?
ਚਲੋ ਉਨ੍ਹਾਂ ਮੁਹੱਲਿਆਂ ਨੂੰ ਦੇਖ ਆਈਏ
ਕਿੰਝ ਆਪਣੇ ਖ਼ੂਨ ਵਿੱਚ ਨਹਾ ਸਕਦੇ ਨੇ
ਕਿੰਝ ਗਲ਼ ਘਰੋੜ ਕੇ ਗਾ ਸਕਦੇ ਨੇ
ਹਾਲ-ਚਾਲ ਆਪਣੀਆਂ ਲਾਸ਼ਾਂ ਦਾ ਪੁੱਛ ਸਕਦੇ ਨੇ।

(ਹਿੰਦੀ ਤੋਂ ਪੰਜਾਬੀ ਵਿੱਚ ਤਰਜਮਾ ਦਲਜੀਤ ਅਮੀ, ਪੰਜਾਬੀ ਕਲਾਵੇਅਰ ਬਲੌਗ ਤੋਂ ਧੰਨਵਾਦ ਸਹਿਤ, 8 ਸਤੰਬਰ 2014 ਦੀ ਪੋਸਟ)

ਸੰਸਾਰ ਯੁੱਧ ਮਨੁੱਖ ਦੀ ਹਉਮੈ ਦਾ ਹੀ ਸਿੱਟਾ ਹਨ। 1914 ਵਿੱਚ ਇੱਕ ਅਰਬੀ ਨੈਸ਼ਨਲਿਸਟ ਨੇ ਆਸਟਰੀਆ ਦੇ ਰਾਜਕੁਮਾਰ ਦਾ ਕਤਲ ਕਰ ਦਿੱਤਾ, ਜਿਸ ਕਰਕੇ ਹੰਗਰੀ ਅਤੇ ਆਸਟਰੀਆ ਨੇ ਸਰਬੀਆ 'ਤੇ ਹਮਲਾ ਕਰ ਦਿੱਤਾ। ਯੂਰਪ ਦੇ ਦੇਸ਼ਾਂ ਵਿੱਚ ਇਹ ਸਮਝੌਤਾ ਸੀ ਕਿ ਜੇ ਉਨ੍ਹਾਂ 'ਤੇ ਕੋਈ ਹਮਲਾ ਕਰੇ ਤਾਂ ਉਹ ਮਦਦ ਕਰਨਗੇ; ਇਸ ਲਈ ਪੂਰਾ ਯੂਰਪ ਲੜਾਈ ਵਿੱਚ ਧਕੇਲ ਦਿੱਤਾ ਗਿਆ ਅਤੇ ਸੰਸਾਰ ਯੁੱਧ ਸ਼ੁਰੂ ਹੋ ਗਿਆ। ਜੰਗ ਮੁੱਕਣ 'ਤੇ ਜਰਮਨੀ, ਰੂਸ, ਆਸਟਰੀਆ ਅਤੇ ਹੰਗਰੀ ਆਦਿ ਦੇਸ਼ਾਂ ਦੀ ਬਹੁਤ ਹੀ ਮਾੜੀ ਹਾਲਤ ਹੋ ਗਈ ਫਲਸਰੂਪ ਯੂਰਪ ਕਈ ਛੋਟੇ ਛੋਟੇ ਦੇਸਾਂ ਵਿੱਚ ਵੰਡਿਆ ਗਿਆ। ਮੰਦਭਾਗੀ ਗੱਲ ਇਹ ਹੈ ਕਿ 1914 ਤੋਂ 1918 ਤੱਕ ਚੱਲਣ ਵਾਲਾ ਇਹ ਦੁਨੀਆਂ ਦਾ ਸਭ ਤੋਂ ਵੱਡਾ ਅਤੇ ਪਹਿਲਾ ਸੰਸਾਰ ਯੁੱਧ ਸੀ, ਜਿਸ ਵਿੱਚ ਲਗਭਗ ਇੱਕ ਕਰੋੜ ਲੋਕ ਮਾਰੇ ਗਏ। ਮਨੁੱਖੀ ਇਤਿਹਾਸ ਵਿੱਚ ਇਹ ਸਭ ਤੋਂ ਵੱਧ ਬੰਦੇ ਖਾਣ ਵਾਲਾ ਯੁੱਧ ਸਾਬਿਤ ਹੋਇਆ। ਇਸ ਦੇ ਬਾਵਜੂਦ ਲੋਕ ਬਾਜ ਨਹੀਂ ਆਏ। ਕਵੀ ਸਮਝਾਉਂਦਾ ਹੋਇਆ ਕਹਿੰਦਾ ਹੈ:

ਯੁੱਧ ਜਸ਼ਨ ਨਹੀਂ ਹੁੰਦਾ ਦੋਸਤੋ
ਉਦੋਂ ਤਾਂ ਬਿਲਕੁਲ ਨਹੀਂ ਹੁੰਦਾ
ਜਦੋਂ ਕਿਸੇ ਬਾਂਦਰ ਦੇ ਹੱਥ 'ਚ ਬੰਦੂਕ ਹੋਵੇ
ਕਿਸੇ ਸਿਰਫਿਰੇ ਨੂੰ ਲੱਭ ਜਾਵੇ ਮਾਚਿਸ ਦੀ ਤੀਲੀ
ਕਿਸੇ ਹੈਵਾਨ ਦੇ ਹੱਥ 'ਚ ਆ ਜਾਵੇ ਸੱਤਾ
ਤੇ ਕਿਸੇ 'ਸ਼ੈਤਾਨ' ਦੇ ਹੱਥ ਆ ਜਾਵੇ 'ਰੱਬ'
(ਡਾ. ਕੁਲਦੀਪ ਸਿੰਘ ਦੀਪ)

ਪਹਿਲੇ ਮਹਾਂਯੁੱਧ ਦੀ ਇੰਨੀ ਤਬਾਹੀ ਦੇ ਬਾਵਜੂਦ 1939 ਤੋਂ ਲੈ ਕੇ 1945 ਤੱਕ ਦੂਜਾ ਮਹਾਂਯੁੱਧ ਛੇੜ ਲਿਆ ਗਿਆ, ਜਿਸ ਨੇ ਪੂਰਾ ਸੰਸਾਰ ਹੀ ਯੁੱਧ ਦੀ ਲਪੇਟ ਵਿੱਚ ਲੈ ਲਿਆ। ਇਸ ਵਿੱਚ ਜਲ, ਥਲ ਤੇ ਹਵਾਈ ਸੈਨਾ ਸ਼ਾਮਿਲ ਹੋਏ ਅਤੇ ਸਿੱਟੇ ਵਜੋਂ ਸਾਰੇ ਦੇਸ਼ਾਂ ਨੇ ਆਪਣੇ ਲੋਕਾਂ ਦਾ ਸਾਰਾ ਕੁਝ ਹੀ ਤਬਾਹ ਕਰ ਕੇ ਰੱਖ ਦਿੱਤਾ। ਇਸ ਵਿੱਚ ਦਸ ਕਰੋੜ ਫ਼ੌਜੀਆਂ ਨੇ ਹਿੱਸਾ ਲਿਆ। ਇਸ ਯੁੱਧ ਦੌਰਾਨ ਘਲੂਘਾਰੇ ਵੀ ਹੋਏ ਅਤੇ ਪ੍ਰਮਾਣੂ ਹਥਿਆਰਾਂ ਦੇ ਇਸਤੇਮਾਲ ਨਾਲ ਜਾਪਾਨ ਦੇ ਦੋ ਸ਼ਹਿਰ ਹੀਰੋਸ਼ਮਾ ਅਤੇ ਨਾਗਾਸਾਕੀ ਤਬਾਹ ਕਰ ਦਿੱਤੇ ਗਏ। ਨਾਜ਼ੀਆਂ ਨੇ ਗੈਸ ਚੈਂਬਰਾਂ ਵਿੱਚ ਜਿਉਂਦਿਆਂ ਯਹੂਦੀਆਂ 'ਤੇ ਅਜਿਹੇ ਜ਼ੁਲਮ ਢਾਹੇ ਕਿ ਉਸ ਨਾਲ ਮਨੁੱਖਤਾ ਸ਼ਰਮਸਾਰ ਹੋਈ। ਅੱਜ ਵੀ ਜਾਪਾਨ ਦੀ ਉਸ ਬੰਜਰ ਜ਼ਮੀਨ ਵਿੱਚ ਕੁਝ ਨਹੀਂ ਉੱਗਦਾ ਅਤੇ ਜ਼ਹਿਰੀਲੀ ਹਵਾ ਨੇ ਦੂਰ ਦੂਰ ਤੱਕ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਮਾਰੂ ਬਿਮਾਰੀਆਂ ਦਾ ਸ਼ਿਕਾਰ ਬਣਾ ਦਿੱਤਾ ਹੈ।



'ਥਾ ਸਕਲ ਸੰਸਾਰ ਬੈਠਾ
ਬੁੱਧੀ ਮੇਂ ਬਾਰੂਦ ਭਰ ਕਰ-
ਕਰੋਧ, ਈਰਸ਼ਾ, ਦਵੇਸ਼, ਮਦ ਕੀ,
ਪਰੇਮ ਸੁਮਨਾਵਲੀ ਨਿਦਰ ਕਰ,
ਏਕ ਚਿੰਗਾਰੀ ਉਠੀ, ਲੋ, ਆਗ ਦੁਨੀਆਂ ਮੇਂ ਲਗੀ ਹੈ।
ਯੁੱਧ ਕੀ ਜਵਾਲਾ ਜਗੀ ਹੈ।
ਅਬ ਜਲਾਨਾ ਔਰ ਜਲਨਾ,
ਰਹਿ ਗਿਆ ਹੈ ਕਾਮ ਕੇਵਲ!
ਰਾਖ ਜਲ, ਥਲ ਮੇਂ, ਗਗਨ ਮੇਂ
ਯੁੱਧ ਕਾ ਪਰਿਣਾਮ ਕੇਵਲ! (ਹਰਿਵੰਸ਼ ਰਾਏ ਬੱਚਨ)

ਸਰਹੱਦਾਂ ਦਾ ਯੁੱਧ ਮੁਲਤਵੀ ਕਰ ਦਿਓ
ਦਿਨ ਦੇ ਚੜ੍ਹਨ ਤੀਕ,
ਸਰਹੱਦਾਂ ਦੇ ਯੁੱਧ ਵਿੱਚ
ਸਾਨੂੰ ਕੋਈ ਦਿਲਚਸਪੀ ਨਹੀਂ
ਸਰਹੱਦਾਂ ਦੇ ਯੁੱਧ ਵਿੱਚ
ਸਾਨੂੰ ਕੋਈ ਲਾਭ ਨਹੀਂ। (ਕਮਲ ਦੇਵ ਪਾਲ)

ਜੇ ਅੱਜ ਦੇ ਇਸ ਵਿਗਿਆਨਕ ਯੁਗ ਵਿੱਚ ਆਪਣੇ ਚੌਗਿਰਦੇ ਵੱਲ ਵੇਖੀਏ ਤਾਂ ਜਿੱਥੇ ਵਿਗਿਆਨ ਨੇ ਸਾਨੂੰ ਇੰਨੀਆਂ ਸੁੱਖ-ਸਹੂਲਤਾਂ ਦਿੱਤੀਆਂ ਹਨ, ਜਿਨ੍ਹਾਂ ਨੇ ਸਾਡਾ ਜੀਵਨ ਹਰ ਤਰ੍ਹਾਂ ਸੁਖਾਲਾ ਬਣਾ ਦਿੱਤਾ ਹੈ, ਉੱਥੇ ਇਸ ਨੇ ਸਾਡੀ ਮੌਤ ਨੂੰ ਵੀ ਸਾਡੇ ਹੋਰ ਕਰੀਬ ਲੈ ਆਂਦਾ ਹੈ। ਇੱਕ ਬਟਨ ਦਬਾ ਕੇ ਦੁਨੀਆਂ ਤਬਾਹ ਕੀਤੀ ਜਾ ਸਕਦੀ ਹੈ। ਪੈਰ ਪੈਰ 'ਤੇ ਧਰਮਾਂ, ਰੰਗਾਂ, ਨਸਲਾਂ ਦੀ ਲੜਾਈ ਨੇ ਆਮ ਬੰਦੇ ਦਾ ਜੀਊਣਾ ਮੁਹਾਲ ਕਰ ਦਿੱਤਾ ਹੈ। ਹੱਦਾਂ-ਸਰਹੱਦਾਂ ਅਤੇ ਇਮੀਗਰੇਸ਼ਨਾਂ ਨੇ ਵੀ ਦੁਨੀਆਂ ਨੂੰ ਘੱਟ ਪਰੇਸ਼ਾਨ ਨਹੀਂ ਕੀਤਾ। ਇਰਾਕ ਦੀ ਤਬਾਹੀ, ਆਪਣੇ ਹੀ ਦੇਸ਼ ਤੋਂ ਮਜਬੂਰਨ ਬੇਘਰ ਹੋਏ ਸੀਰੀਆ ਦੇ ਲੋਕ, ਹੁਣ ਯੂਕਰੇਨ ਤੇ ਰੂਸ ਦੀ ਧੌਂਸ ਅਤੇ ਸੰਸਾਰ ਵਿੱਚ ਜੰਗਾਂ ਤੋਂ ਪਰੇਸ਼ਾਨ ਕਿੰਨੇ ਹੋਰ ਲੋਕ ਹਨ! ਅੱਜ ਵੀ ਤੀਜੇ ਸੰਸਾਰ ਯੁੱਧ ਦੇ ਬੱਦਲ ਸਾਰੀ ਦੁਨੀਆਂ ਦੇ ਸਿਰ 'ਤੇ ਮੰਡਰਾ ਰਹੇ ਹਨ। ਆਪਣੇ ਦੇਸ਼ ਪੰਜਾਬ ਦੀਆਂ ਸਰਹੱਦਾਂ 'ਤੇ ਨਿਤ ਦੇ ਤਣਾਓ ਕਰਕੇ ਸਰਹੱਦੀ ਵੱਸਦੇ ਸਾਡੇ ਭੈਣਾਂ-ਭਰਾਵਾਂ ਨੂੰ ਭਾਰੀ ਕਸ਼ਟ ਸਹਿਣਾ ਪੈਂਦਾ ਹੈ, ਪਰ ਉਨ੍ਹਾਂ ਲੋਕਾਂ ਦੀ ਪੀੜ ਨੂੰ ਸਮਝਣ ਤੋਂ ਅਸਮਰਥ ਲੋਕ ਇਸਦੀ ਗੰਭੀਰਤਾ ਨੂੰ ਨਹੀਂ ਸਮਝਦੇ। ਜ਼ਰਾ ਜਿੰਨੀ ਸ਼ਾਂਤੀ ਹੁੰਦੀ ਹੈ ਤੇ ਉਹ ਸੋਚਦੇ ਨੇ ਹੁਣ ਸਭ ਕੁਝ ਸ਼ਾਂਤ ਹੋ ਗਿਆ ਹੈ, ਪਰ ਕਵਿਤਾ ਦੀਆਂ ਅਗਲੀਆਂ ਸਤਰਾਂ ਵਿੱਚ ਕਵੀ ਲਾਲਟੂ ਦੇ ਬੋਲ ਸਾਨੂੰ ਚਿਤਾਵਨੀ ਦਿੰਦੇ ਹਨ:

ਅੱਜ ਇਹ ਮੁਹੱਲਾ ਸ਼ਾਂਤ ਹੈ
ਕੌਣ ਜਾਣਦੈ ਕਿ
ਲੱਗ ਸਕਦੀ ਹੈ ਅੱਗ ਇੱਥੇ ਵੀ ਸਿੱਲੀ ਘਾਹ ਨੂੰ
ਕਿ ਹਵਾਵਾਂ ਵਿੱਚ ਸਾਂ-ਸਾਂ ਸੁਣੀ ਜਾ ਸਕਦੀ ਹੈ
ਬੱਚਿਆਂ ਦੇ ਆਖ਼ਰੀ ਸਾਹਾਂ ਦੀ

ਇਸ ਤੋਂ ਪਹਿਲਾਂ ਕਿ ਦਸਤਕ ਸੁਣੇ
ਲਾਗਲੇ ਹਰੇ ਪੱਤਿਆਂ ਅਤੇ ਦੂਰ ਗਗਨ ਦੀ ਲਾਲੀ ਨੂੰ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਹੱਸਣਾ ਚਿੱਤ ਵਸਾਇ ਕੇ...

ਹਰਦੀਪ ਕੌਰ ਨਾਜ਼, ਫਗਵਾੜਾ



ਹੱਸਣਾ ਅਤੇ ਹਸਾਉਣਾ ਇੱਕ ਕਲਾ ਹੈ। ਸਾਡੀ ਰੂਹ ਦੀ ਖ਼ੁਰਾਕ ਹੁੰਦਾ ਹੈ ਹਾਸਾ। ਹੱਸਣਾ ਜਾਂ ਮੁਸਕੁਰਾਉਣਾ ਸਾਡੇ ਦਿਲ ਹੀ ਨਹੀਂ, ਦਿਮਾਗ਼ ਲਈ ਵੀ ਫ਼ਾਇਦੇਮੰਦ ਹੈ, ਤਾਂ ਹੀ ਤਾਂ ਹਾਸੇ ਨੂੰ ਕਈ ਰੋਗਾਂ ਦੀ ਦਵਾ ਵੀ ਕਿਹਾ ਜਾਂਦਾ ਹੈ। ਹੱਸਣ ਵਾਲਾ ਵਿਅਕਤੀ ਸਰੀਰਿਕ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਰਹਿੰਦਾ ਹੈ।

ਹੱਸਣ-ਖੇਡਣ ਵਾਲੇ ਵਿਅਕਤੀ ਸਭ ਨੂੰ ਚੰਗੇ ਲੱਗਦੇ ਹਨ, ਕਿਉਂਕਿ ਜਿੱਥੇ ਉਹ ਆਪ ਖ਼ੁਸ਼-ਮਿਜਾਜ਼ ਹੁੰਦੇ ਹਨ, ਉੱਥੇ ਉਹ ਆਪਣੇ ਆਲੇ-ਦੁਆਲੇ ਰਹਿਣ ਵਾਲੇ ਲੋਕਾਂ ਨੂੰ ਵੀ ਖ਼ੁਸ਼ ਰੱਖਦੇ ਹਨ। ਯੋਗ ਅਤੇ ਨੈਚਰੋਪੈਥੀ ਵਿੱਚ ਵੀ ਇਹ ਗੱਲ ਮੰਨੀ ਜਾਂਦੀ ਹੈ ਕਿ ਹੱਸਣਾ ਕਈ ਬਿਮਾਰੀਆਂ ਦੂਰ ਕਰਦਾ ਹੈ, ਖ਼ਾਸ ਕਰ ਅਜਿਹੀਆਂ, ਜੋ ਸਾਡੀ ਤਣਾਓਪੂਰਨ ਜ਼ਿੰਦਗੀ ਨਾਲ ਜੁੜੀਆਂ ਹੋਣ। ਖੁੱਲ੍ਹ ਕੇ ਹੱਸਣ ਨਾਲ ਸਾਡੇ ਸਰੀਰ ਵਿੱਚ ਆਕਸੀਜਨ ਦਾ ਚੋਖਾ ਸੰਚਾਰ ਹੁੰਦਾ ਹੈ। ਨੀਂਦ ਦੀ ਸਮੱਸਿਆ ਵਾਲੇ ਮਰੀਜ਼ਾਂ ਨੂੰ ਰਾਹਤ ਮਿਲਦੀ ਹੈ, ਕਿਉਂਕਿ ਹੱਸਣ ਨਾਲ ਸਾਡੇ ਅੰਦਰ 'ਮੇਲਾਟੋਨਿਨ' ਨਾਮ ਦਾ ਹਾਰਮੋਨ ਬਣਦਾ ਹੈ, ਜੋ ਰਾਤ ਵੇਲੇ ਸਾਨੂੰ ਆਰਾਮ ਨਾਲ ਸੌਣ ਵਿੱਚ ਮੱਦਦ ਕਰਦਾ ਹੈ।

ਹੱਸਣ ਨਾਲ ਮਨ ਅੰਦਰ ਇੱਕ ਸਕਾਰਾਤਮਕ ਅਤੇ ਉਤਸ਼ਾਹਪੂਰਨ ਸੋਚ ਦਾ ਸੰਚਾਰ ਹੁੰਦਾ ਹੈ, ਜਿਸ ਨਾਲ ਸਾਡੇ ਨਜ਼ਰੀਏ ਦਾ ਹਾਂ-ਪੱਖੀ ਵਿਕਾਸ ਹੁੰਦਾ ਹੈ। ਪਦਾਰਥਕ ਜ਼ਿੰਦਗੀ ਵਿੱਚ ਅਸੀਂ ਪੂਰੀ ਤਰ੍ਹਾਂ ਉਲਝ ਕੇ ਰਹਿ ਗਏ ਹਾਂ ਤੇ ਅੱਜ ਹੱਸਣ-ਕੁੱਦਣ-ਖੇਲਣ ਦਾ ਸਮਾਂ ਹੀ ਸਾਡੇ ਕੋਲ ਨਹੀਂ ਰਿਹਾ। ਸ਼ਾਇਦ ਇਸੇ ਲਈ ਹੀ ਹੁਣ 'ਵਿਸ਼ਵ ਹਾਸਾ ਦਿਵਸ' ਵਰਗੇ ਦਿਨ ਮਨਾਏ ਜਾਣ ਲੱਗ ਪਏ ਹਨ। ਭਾਰਤ ਵਿੱਚ ਹਾਸਾ ਦਿਵਸ ਮਨਾਉਣ ਦੀ ਸ਼ੁਰੂਆਤ ਸੰਨ 1988 ਵਿੱਚ ਹੋਈ ਸੀ।

ਕੋਲੰਬੀਆਂ ਯੂਨੀਵਰਸਿਟੀ ਮੈਡੀਕਲ ਸੈਂਟਰ ਦੀ ਮੁਖੀ ਲੀਡ ਰਿਸਰਚ ਕੇਰਿਨਾ ਡਬਲਿਊ ਡੇਵਿਡਸਨ ਅਨੁਸਾਰ ਭਾਵੇਂ ਖ਼ੁਸ਼ ਰਹਿਣ ਵਾਲੇ ਲੋਕ ਵੀ ਨਿਰਾਸ਼ਾ ਅਤੇ ਚਿੰਤਾ ਦਾ ਸਾਹਮਣਾ ਕਰਦੇ ਹਨ, ਪਰ ਇਹ ਤਣਾਅ ਹੋਰਨਾਂ



ਲੋਕਾਂ ਦੇ ਮੁਕਾਬਲੇ ਘੱਟ ਸਮੇਂ ਲਈ ਹੁੰਦਾ ਹੈ। ਡਾ. ਹਰਸ਼ਿੰਦਰ ਕੌਰ ਨੇ ਆਪਣੀ ਇੱਕ ਲਿਖਤ ਵਿੱਚ ਜ਼ਿਕਰ ਕੀਤਾ ਸੀ ਕਿ ਯੂਰਪੀਅਨ ਸੁਸਾਇਟੀ ਆਫ ਕਾਰਡੀਓਲੋਜੀ ਵੱਲੋਂ ਪੈਰਿਸ ਵਿੱਚ ਕਈ ਖੋਜਾਂ ਦੌਰਾਨ ਜੋ ਤੱਥ ਸਾਹਮਣੇ ਆਏ ਸਨ, ਉਨ੍ਹਾਂ ਅਨੁਸਾਰ:

1. ਹੱਸਣ ਨਾਲ ਸਕਾਰਾਤਮਕ ਊਰਜਾ ਉਪਜਦੀ ਹੈ, ਜੋ ਸੋਚ ਨੂੰ ਵੀ ਸਾਰਥਕ ਕਰ ਦਿੰਦੀ ਹੈ।
2. ਹੱਸਣ ਨਾਲ ਗੁੱਸੇ ਦੇ ਦੌਰੇ ਲਗਪਗ ਨਾ-ਬਰਾਬਰ ਹੋ ਜਾਂਦੇ ਹਨ ਅਤੇ ਗੁੱਸੇ ਤੋਂ ਉਤਪੰਨ ਹੁੰਦੀਆਂ ਬੀਮਾਰੀਆਂ ਤੋਂ ਵੀ ਬਚਾਓ ਹੋ ਜਾਂਦਾ ਹੈ।
3. ਕੰਮ ਦੌਰਾਨ ਹੁੰਦਾ ਤਣਾਓ ਵੀ ਹੱਸਣ ਨਾਲ ਘੱਟ ਜਾਂਦਾ ਹੈ।
4. ਹਾਰਟ ਅਟੈਕ ਦਾ ਖ਼ਤਰਾ ਵੀ ਕਾਫ਼ੀ ਘੱਟ ਹੋ ਜਾਂਦਾ ਹੈ।

ਅੱਜ ਕੱਲ੍ਹ ਹੱਸਣ-ਹਸਾਉਣ ਦੇ ਕਈ ਸਾਧਨ ਹਨ- ਜਿਵੇਂ ਲਾਫਟਰ ਕਲੱਬ, ਸਕੂਲਾਂ/ਕਾਲਜਾਂ ਵਿੱਚ ਬੱਚਿਆਂ ਲਈ ਮੈਜਿਕ ਸ਼ੋਅ, ਕਾਮੇਡੀ ਨਾਟਕ, ਕਾਮੇਡੀ ਫ਼ਿਲਮਾਂ ਆਦਿ ਦਾ ਨਿਰਮਾਣ। ਫਿਰ ਵੀ ਸਾਡੇ ਲਈ ਹੱਸਣ ਵਾਸਤੇ ਸਮਾਂ ਕੱਢਣਾ ਬੜਾ ਔਖਾ ਕੰਮ ਬਣਿਆ ਹੋਇਆ ਹੈ। ਸਾਡੀ ਜ਼ਿੰਦਗੀ ਵਿੱਚ ਕੁੱਝ ਹੱਸਣ-ਹਸਾਉਣ ਵਾਲੇ, ਖ਼ੁਸ਼-ਮਿਜਾਜ਼ ਵਿਅਕਤੀਆਂ ਦਾ ਹੋਣਾ ਬਹੁਤ ਜ਼ਰੂਰੀ ਹੈ, ਜਿਨ੍ਹਾਂ ਨਾਲ ਗੱਲ ਕਰਕੇ ਅਸੀਂ ਆਪਣੀ ਚਿੰਤਾ ਘੱਟ ਕਰ ਸਕੀਏ। ਹੱਸਣਾ ਸਭ ਨਾਲੋਂ ਵਧੀਆ ਅਤੇ ਸਿਹਤਮੰਦ ਖ਼ੁਰਾਕ ਹੈ। ਪੰਜਾਬ ਵਿੱਚ ਤਾਂ ਆਮ ਤੌਰ 'ਤੇ ਇਹ ਲਕੋਕਤੀ ਮਸ਼ਹੂਰ ਹੈ ਕਿ 'ਹੱਸਦਿਆਂ ਦੇ ਘਰ ਵੱਸਦੇ।' ਇਸੇ ਤਰ੍ਹਾਂ ਕਿਹਾ ਜਾਂਦਾ ਹੈ, 'ਥੋੜ੍ਹਾ-ਥੋੜ੍ਹਾ ਹੱਸਣਾ ਜ਼ਰੂਰ ਚਾਹੀਦਾ' ਅਤੇ 'ਹਾਸਾ ਨਿਰਾ ਪਤਾਸਾ, ਰੋਣਾ ਉਮਰਾਂ ਦਾ ਧੋਣਾ' ਆਦਿ।

ਹੱਸਣਾ ਚਿੱਤ ਵਸਾਇ ਕੇ, ਤੁਰੋ ਸਿਦਕ ਦੇ ਸੰਗ।
ਕੁਦਰਤ ਖ਼ੇਡਾਂ ਖੇਡਦੀ, ਮਾਣ ਵਕਤ ਦੇ ਰੰਗ।

ਪਰ ਯਾਦ ਰਹੇ ਹੱਸਦੇ ਹਸਾਉਂਦੇ, ਹਾਸੇ ਮਜ਼ਾਕ ਵਿੱਚ ਸਾਡੇ ਕੋਲੋਂ ਕਿਸੇ ਦੇ ਦਿਲ ਨੂੰ ਠੇਸ ਨਾ ਪਹੁੰਚੇ। ਆਓ ਹੱਸੀਏ! ਹਸਾਈਏ, ਖ਼ੁਸ਼ ਰਹੀਏ! ਖ਼ੁਸ਼ ਮਿਜਾਜ਼ ਬਣੀਏ, ਹਾਸੇ ਵੰਡੀਏ, ਰੱਜ ਕੇ ਜੀਵੀਏ।

# ਵਿਸ਼ਵ ਸ਼ਾਂਤੀ ਵਿਚ ਕਵਿਤਾ ਦਾ ਯੋਗਦਾਨ

ਮਲਿਆਮੇਟ ਕਰਨ ਦੀ ਖੇਡ ਦਾ ਬੋਲਾ ਸੁਣੇ
ਇਸ ਤੋਂ ਪਹਿਲਾਂ ਕਿ ਪਿਆਰ ਦੇ ਆਖ਼ਰੀ ਲਫ਼ਜ਼ ਦਫ਼ਨ ਹੋ ਜਾਣ
ਚਲੋ ਉਨ੍ਹਾਂ ਮੁਹੱਲਿਆਂ ਵਿੱਚ ਹੋ ਆਈਏ।

ਕਵੀ ਦੀ ਚਿਤਾਵਨੀ ਕਿੰਨੀ ਸੱਚੀ ਹੈ। ਕਵਿਤਾ ਪਿਆਰ ਕਰਨਾ ਸਿਖਾਉਂਦੀ ਆਈ ਹੈ। ਇਸ ਤੋਂ ਪਹਿਲਾਂ ਕਿ ਪਿਆਰ ਦੇ ਆਖ਼ਰੀ ਲਫ਼ਜ਼ ਦਫ਼ਨ ਹੋ ਜਾਣ, ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਆਪਸੀ ਮਿਲਵਰਤਣ ਦੀਆਂ ਕਵਿਤਾਵਾਂ ਦੇ ਬੋਲਾਂ ਦੇ ਕੁਝ ਅਜਿਹੇ ਬੀਜ ਬੀਜੀਏ ਕਿ ਸਾਡੇ ਦਿਲਾਂ ਅੰਦਰ ਮੁਹੱਬਤ ਦੀ ਜੋਤ ਸਦਾ ਜਗਦੀ ਰਹੇ। ਨੋਬਲ ਇਨਾਮ ਜੇਤੂ ਕੈਨੇਡੀਅਨ ਕਵਿੱਤਰੀ Wislawa Szymborska ਨੇ ਜੰਗ ਦੀ ਤਬਾਹੀ ਵੇਖੀ ਤੇ ਉਸਦੇ ਮਨ 'ਤੇ ਇਸਦਾ ਅਜਿਹਾ ਪ੍ਰਭਾਵ ਪਿਆ ਕਿ ਉਸਨੇ 18 ਸਾਲ ਦੀ ਉਮਰ ਵਿੱਚ ਆਪਣੇ ਇਨ੍ਹਾਂ ਪ੍ਰਭਾਵਾਂ ਨੂੰ ਆਪਣੀ ਮਸ਼ਹੂਰ ਕਵਿਤਾ 'The End and the Beginning' ਵਿੱਚ ਕਿਹਾ ਕਿ ਜੰਗ ਇਸ ਤਰ੍ਹਾਂ ਦੀ ਤਬਾਹੀ ਮਚਾ ਦਿੰਦੀ ਹੈ ਕਿ ਸਭ ਕੁਝ ਖਤਮ ਹੋ ਜਾਂਦਾ ਹੈ ਤੇ ਲੋਕਾਂ ਨੂੰ ਤਬਾਹੀ ਨਾਲ ਜਮ੍ਹਾਂ ਹੋਏ ਮਲਵੇ ਦੇ ਢੇਰ ਨੂੰ ਸਾਫ਼ ਕਰਕੇ ਜ਼ਿੰਦਗੀ ਨਵੇਂ ਸਿਰਿਉਂ ਸ਼ੁਰੂ ਕਰਨੀ ਪੈਂਦੀ ਹੈ:

Someone has to shovel
the rubble to the roadsides
so the carts loaded with corpses
can get by.
Someone has to trudge
through sludge and ashes.

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਮਨ ਬਰਕਰਾਰ ਰੱਖਣ ਲਈ ਅੱਜ ਤੱਕ ਬਹੁਤ ਸਾਰਾ ਸਾਹਿਤ ਰਚਿਆ ਜਾ ਚੁੱਕਾ ਹੈ। ਤਕਰੀਬਨ ਹਰ ਭਾਸ਼ਾ ਵਿੱਚ ਹੀ ਅਨੇਕਾਂ ਨਾਵਲ, ਕਹਾਣੀਆਂ ਅਤੇ ਕਵਿਤਾਵਾਂ ਲਿਖੀਆਂ ਜਾ ਚੁੱਕੀਆਂ ਹਨ, ਜੋ ਸਮਾਜ ਨੂੰ ਅਮਨ ਸ਼ਾਂਤੀ ਦਾ ਸੁਨੇਹਾ ਦਿੰਦੀਆਂ ਹਨ। ਪੰਜਾਬੀ ਲੋਕ-ਗੀਤਾਂ ਵਿੱਚ ਵੀ ਇਸਦਾ ਵਾਰ ਵਾਰ ਜ਼ਿਕਰ ਆਇਆ ਹੈ! ਸਾਡੀਆਂ ਪੰਜਾਬੀ ਸੁਆਣੀਆਂ ਨੇ ਸਦੀਆਂ ਤੋਂ ਜੰਗ ਦਾ ਬਹੁਤ ਵੱਡਾ ਦੁੱਖ ਝੱਲਿਆ ਹੈ, ਅੰਤਾਂ ਦਾ ਬਿਰਹਾ ਹੰਢਾਇਆ ਹੈ। ਉਨ੍ਹਾਂ ਦੇ ਬੋਲਾਂ ਵਿੱਚੋਂ ਜੰਗ ਦਾ ਦਰਦ ਡੁੱਲ੍ਹ ਡੁੱਲ੍ਹ ਪੈਂਦਾ ਹੈ:

ਜੇ ਤੂੰ ਸਿਪਾਹੀਆ ਗਿਆ ਜੰਗ ਨੂੰ ਲਾ ਕੇ ਮੈਨੂੰ ਝੋਰਾ
ਹੱਡਾਂ ਮੇਰਿਆਂ ਨੂੰ ਖਾ ਜਾਊ ਬਿਰਹਾ
ਜਿਉਂ ਛੋਲਿਆਂ ਨੂੰ ਢੋਰਾ
ਜੰਗ ਨੂੰ ਨਾ ਜਾਈਂ ਵੇ, ਵੇ ਬਾਗਾਂ ਦਿਆ ਮੋਰਾ।
ਜਾਂ ਫਿਰ ਇਉਂ ਗਾਉਂਦੀਆਂ ਸੁਣੀਆਂ ਜਾਂਦੀਆਂ ਨੇ:
ਬੱਲੇ ਬੱਲੇ ਬਈ ਬਸਰੇ ਦੀ ਲਾਮ ਟੁੱਟ ਜੇ
ਵੇ ਮੈਂ ਰੰਡੀਓਂ ਸੁਹਾਗਣ ਹੋਵਾਂ।

ਆਮ ਲੋਕਾਂ ਦੀਆਂ ਜ਼ਿੰਦਗੀਆਂ 'ਤੇ ਜੰਗਾਂ/ਯੁੱਧਾਂ ਦਾ ਕੀ ਪ੍ਰਭਾਵ ਪੈਂਦਾ ਹੈ, ਇਸ ਨਾਲ ਸੰਬੰਧਿਤ ਇੱਕ ਪੁਰਾਣੀ ਯਾਦ ਤਾਜ਼ਾ ਹੋ ਗਈ ਹੈ। ਇੱਕ ਦਿਨ ਪੱਛਮੀ ਪੰਜਾਬ ਦੀ ਸ਼ਾਇਰਾ ਨੁੱਜ਼ਤ ਸਦੀਕੀ ਦੇ ਘਰ ਜਾਣਾ ਹੋ ਗਿਆ। ਉਨ੍ਹਾਂ ਦੇ ਲਿਵਿੰਗ ਰੂਮ ਦੇ ਸ਼ੋਅਕੇਸ ਵਿੱਚ ਇੱਕ ਵੱਡਾ ਸਾਰਾ ਚਾਬੀਆਂ ਦਾ ਗੁੱਛਾ ਸਜਾ ਕੇ ਰੱਖਿਆ ਹੋਇਆ ਸੀ। ਉਨ੍ਹਾਂ ਚਾਬੀਆਂ ਨੂੰ ਵੇਖਦਿਆਂ ਹੀ ਆਪਣੇ ਪਿੰਡ ਵਾਲੇ ਪੁਰਾਣੇ ਘਰ ਦੀਆਂ ਚਾਬੀਆਂ ਯਾਦ ਆ ਗਈਆਂ। ਕੁਝ ਹੈਰਾਨ ਹੋ ਕੇ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਇਹ ਚਾਬੀਆਂ 47 ਦੀ ਵੰਡ ਵੇਲੇ ਉਸਦੇ ਦਾਦੀ ਜੀ ਹਿੰਦੁਸਤਾਨ ਤੋਂ ਪਾਕਿਸਤਾਨ ਲੈ ਗਏ ਸਨ। ਜਦੋਂ ਉਹ ਕੈਨੇਡਾ ਆਏ ਤਾਂ ਵੀ ਚਾਬੀਆਂ ਨਾਲ ਲੈ ਕੇ ਆਏ।

ਵੰਡ ਤੋਂ ਪ੍ਰਭਾਵਿਤ ਪੱਛਮੀ ਅਤੇ ਪੂਰਬੀ ਪੰਜਾਬ ਦੇ ਲੋਕਾਂ ਨੇ ਆਪਣੇ ਲੁੱਟੇ ਘਰਾਂ ਦੀਆਂ ਚਾਬੀਆਂ ਨੂੰ ਕੈਨੇਡਾ ਤੱਕ ਆਪਣੇ ਕੋਲ ਸਾਂਭ ਕੇ ਰੱਖਿਆ ਅਤੇ ਕਹਿੰਦੇ ਸੁਣੇ ਹਨ, 'ਮੈਂ ਘਰ ਨੂੰ ਜੰਦਰਾ ਮਾਰ ਕੇ ਕੁੰਜੀਆਂ ਲੈ ਆਈ ਹਾਂ, ਜਦੋਂ ਮਾਹੌਲ ਸੁਖਾਵੇਂ ਹੋ ਜਾਣਗੇ ਤਾਂ ਜਾ ਕੇ ਘਰ ਖੋਲ੍ਹ ਲਵਾਂਗੇ।' ਪਰ ਕੌਣ ਵਾਪਿਸ ਜਾ ਸਕਿਆ ਆਪਣੇ ਘਰਾਂ ਨੂੰ? ਕਿੰਨੇ ਲੋਕ ਸਰਹੱਦਾਂ ਦੇ ਆਰ-ਪਾਰ ਵਾਪਿਸ ਜਾਣ ਨੂੰ ਤਰਸਦੇ ਰਹੇ! ਜਗਤਾਰ ਦੇ ਕੁਝ ਸ਼ਿਅਰ ਯਾਦ ਆ ਰਹੇ ਨੇ:

ਮਹਿਰਮ ਦਿਲਾਂ ਦੇ ਜਾਨ ਤੋਂ ਵੀ ਲਾਡਲੇ ਲਹੌਰ।
ਹੁਣ ਤਰਸਦੇ ਹਾਂ ਜਾਣ ਨੂੰ ਉਸ ਰਾਂਗਲੇ ਲਹੌਰ।
ਟੁੱਟਣੀ ਕਦੇ ਵੀ ਸਾਂਝ ਨਾ ਲੋਕਾਂ ਦੇ ਦਰਦ ਦੀ,
ਦਿੱਲੀ ਵਲੇ, ਵਲੇ ਪਿਆ ਲਖ ਵਾਗਲੇ ਲਹੌਰ।

ਉਹ ਚਾਬੀਆਂ ਵਾਲੀ ਗੱਲ ਸੁਣ ਕੇ ਲੂੰ ਕੰਡੇ ਖੜ੍ਹੇ ਹੋ ਗਏ। ਵੰਡ ਵੇਲੇ ਦੇ ਉਸ ਉਜਾੜੇ ਦੌਰਾਨ ਦੋਹਾਂ ਪਾਸਿਆਂ ਦੇ ਪਤਾ ਨਹੀਂ ਕਿੰਨੇ ਕੁ ਲੋਕ, ਆਪਣੇ ਖੁਸ ਗਏ ਘਰਾਂ ਦੀਆਂ ਚਾਬੀਆਂ ਹਿੱਕ ਨਾਲ ਲਾਈ ਮੁੜ ਆਪਣੇ ਘਰ ਦਾ ਮੂੰਹ ਵੇਖਣ ਨੂੰ ਤਰਸਦੇ ਇਸ ਦੁਨੀਆਂ ਤੋਂ ਕੂਚ ਕਰ ਗਏ। ਅਮ੍ਰਿਤਾ ਪ੍ਰੀਤਮ ਨੇ ਇਸ ਦਰਦ ਦੀ ਕਹਾਣੀ ਨੂੰ ਆਪਣੀ ਸੁਪ੍ਰਸਿੱਧ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਵਿੱਚ ਬਾਖ਼ੂਬੀ ਬਿਆਨਿਆ ਹੈ:

ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ
ਉਠ ਦਰਦਮੰਦਾਂ ਦੇ ਦਰਦੀਆ ਉਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਨਾਲ ਭਰੀ ਝਨਾਬ।

ਸਵਾਲ ਹੀ ਸਵਾਲ ਹਨ ਸਾਡੇ ਸਾਹਮਣੇ। ਆਪਣੇ ਹੀ ਲੋਕਾਂ ਦੁਆਰਾ ਆਪਣੇ ਹੀ ਹਮਸਾਇਆਂ ਦੀ ਲੁੱਟ ਅਤੇ ਕਤਲ ਦੀਆਂ ਵਾਰਦਾਤਾਂ ਕਿਉਂ ਹੋਈਆਂ? ਕੌਣ ਸੀ, ਜਿਸਨੇ ਵੱਸਦੇ ਰਸਦੇ ਲੋਕਾਂ ਨੂੰ ਉਜਾੜ ਦਿੱਤਾ? ਇਹੋ ਜਿਹੇ ਉਜਾੜੇ ਪਿੱਛੇ ਕਿਸਦੀ ਸਾਜ਼ਿਸ਼ ਹੁੰਦੀ ਹੈ? ਉਹ ਜਿਹੜੇ ਕੁਝ ਚਿਰ ਪਹਿਲਾਂ ਬੜੇ ਇਤਫਾਕ ਨਾਲ ਇਕੱਠੇ ਵਸਦੇ ਸਨ, ਅਚਾਨਕ ਇੱਕ ਦੂਜੇ ਦੇ ਲਹੂ ਦੇ ਪਿਆਸੇ ਕਿਵੇਂ ਹੋ ਗਏ? ਸਵਾਲ ਹੀ ਸਵਾਲ ਸਨ, ਆਪਣੇ ਹੱਥ ਵਿੱਚ ਫੜੀਆਂ ਕੁੰਜੀਆਂ ਦੇ ਗੁੱਛੇ ਵੱਲ ਵੇਖ ਕੇ ਸੋਚ ਰਹੀ ਸਾਂ, 'ਉਹ ਜੋ ਲੋਕਾਂ ਦੇ ਹੱਸਦੇ ਵੱਸਦੇ ਘਰ ਉਜਾੜਦੇ ਨੇ ਉਨ੍ਹਾਂ ਦੇ ਦਿਲਾਂ ਦੀਆਂ ਕੁੰਜੀਆਂ ਕਿੱਥੇ ਗੁਆਚ ਗਈਆਂ? ਉਹ ਆਪ ਅਮਨ ਸ਼ਾਂਤੀ ਨਾਲ ਕਿਉਂ ਨਹੀਂ ਰਹਿੰਦੇ ਤੇ ਦੂਜਿਆਂ ਨੂੰ ਕਿਉਂ ਨਹੀਂ ਰਹਿਣ ਦਿੰਦੇ?'

47 ਦਾ ਸੰਤਾਪ ਅਜੇ ਮੁੱਕਾ ਨਹੀਂ ਸੀ ਕਿ ਦੋਵੇਂ ਦੇਸ਼ 1965 ਦੀ ਜੰਗ ਛੇੜ ਬੈਠੇ। ਫੇਰ ਕਿੰਨਾ ਭਾਰੀ ਨੁਕਸਾਨ ਉਠਾਉਣਾ ਪਿਆ ਲੋਕਾਂ ਨੂੰ! ਨਿਤ ਨਵੀਂ ਤਾਰ ਆਉਂਦੀ ਅਤੇ ਕਿਸੇ ਨਾ ਕਿਸੇ ਘਰ ਦਾ ਪੁੱਤ ਖੋਹ ਕੇ ਲੈ ਜਾਂਦੀ। ਉਨ੍ਹੀਂ ਦਿਨੀਂ ਲੋਕ ਡਾਕੀਏ ਨੂੰ ਆਪਣੇ ਘਰ ਵੱਲ ਆਉਂਦਾ ਵੇਖ ਥਰ ਥਰ ਕੰਬਣ ਲੱਗਦੇ। ਕਿੰਨੀਆਂ ਔਰਤਾਂ ਦੇ ਸੁਹਾਗ ਉੱਜੜੇ! ਕਿੰਨੀਆਂ ਨਵੀਆਂ ਵਿਆਹੀਆਂ ਉਨ੍ਹਾਂ ਫੌਜੀਆਂ ਦੀਆਂ ਵਿਧਵਾਵਾਂ ਬਣ ਕੇ ਅਜੇ ਵੀ ਪੇਕੀਂ ਬੈਠੀਆਂ ਇਕੱਲ ਦਾ ਸੰਤਾਪ ਹੰਢਾ ਰਹੀਆਂ ਨੇ। ਕਿੰਨੇ ਮਾਸੂਮ ਬੱਚੇ ਪਿਤਾ ਦੀ ਅਣਹੋਂਦ ਕਾਰਨ ਰੁਲਣ 'ਤੇ ਮਜਬੂਰ ਹੋਏ। ਪਰ ਲੜਾਈ ਕਰਵਾਉਣ ਵਾਲਿਆਂ ਨੂੰ ਕੋਈ ਫਰਕ ਨਹੀਂ ਪਿਆ, ਕਿਉਂਕਿ ਉਨ੍ਹਾਂ ਦਾ ਕੁਝ ਨਹੀਂ ਜਾਂਦਾ। ਨੁਕਸਾਨ ਲੋਕਾਂ ਦਾ ਹੁੰਦਾ ਹੈ, ਹਾਕਮਾਂ ਦਾ ਨਹੀਂ। ਲੋਕ ਲੜਾਈ ਨਹੀਂ ਚਾਹੁੰਦੇ, ਹੁਕਮਰਾਨ/ਰਾਜਨੀਤਕ ਲੋਕ ਚਾਹੁੰਦੇ ਹਨ। ਜੇ ਲੋਕ ਜੰਗ ਚਾਹੁੰਦੇ ਹੁੰਦੇ ਤਾਂ ਇੰਟਰਨੈੱਟ 'ਤੇ ਪੋਸਟ ਹੋਈ ਇੱਕ ਯੂਟਿਊਬ ਵੀਡੀਓ ਵਿੱਚ ਇੱਕ ਮੁਸਲਮਾਨ ਫੌਜੀ ਭਰਾ ਭਰੇ ਦਿਲ ਨਾਲ ਇਹ ਨਾ ਕਹਿ ਰਿਹਾ ਹੁੰਦਾ:

ਸੱਥਰ ਉਧਰ ਵਿਛੇ ਜਾਂ ਸੱਥਰ ਐਧਰ ਵਿਛੇ
ਸੱਥਰ ਆਪਣੇ ਘਰ ਵਿੱਚ ਵਿਛਿਆ ਜਾਪਦਾ
ਪੁੱਤ ਹਿੰਦ ਦਾ ਮਰੇ ਜਾਂ ਪਾਕ ਦਾ
ਪੁੱਤ ਮਰਦੈ ਆਪਣੇ ਮਾਂ ਬਾਪ ਦਾ।

ਧਰਤੀ ਦੇ ਕਿਸੇ ਟੁਕੜੇ ਪਿੱਛੇ ਲੜਾਈ ਕਿਉਂ? ਕੀ ਜ਼ਮੀਨ ਕਦੇ ਕਿਸੇ ਦੀ ਹੋਈ ਹੈ? ਦੋ ਵਿਸ਼ਵ ਯੁੱਧਾਂ ਤੋਂ ਅਸੀਂ ਕੀ ਖੱਟਿਆ? ਉਹ ਜੋ ਆਪਣੇ ਮੁਫਾਦ ਲਈ ਲੋਕਾਂ ਦਾ ਕਤਲੇਆਮ ਕਰਦੇ ਹਨ, ਮੌਤ ਜਿਨ੍ਹਾਂ ਦਾ ਵਪਾਰ ਹੈ, ਆਮ ਲੋਕ ਉਨ੍ਹਾਂ ਦੀਆਂ ਚਲਾਕੀਆਂ ਨੂੰ ਨਹੀਂ ਸਮਝਦੇ। ਸ਼ਾਤਰ ਲੋਕ ਨਫ਼ਰਤ ਫੈਲਾਉਂਦੇ ਹਨ ਅਤੇ ਆਪਣੇ ਵਪਾਰ ਚਲਾਉਂਦੇ ਹਨ। ਲੋਕ ਜ਼ੁਲਮ ਸਹਿੰਦੇ ਹਨ ਅਤੇ ਲੜਦੇ ਮਰਦੇ ਹਨ। ਫੈਜ਼ ਅਹਿਮਦ ਫੈਜ਼ ਕਹਿੰਦਾ ਹੈ:

ਯੂੰ ਹੀ ਹਮੇਸ਼ਾ ਉਲਝਤੀ ਰਹੀ ਹੈ ਜ਼ੁਲਮ ਸੇ ਖਲਕ
ਨਾ ਉਨਕੀ ਰਸਮ ਨਈ ਹੈ, ਨਾ ਅਪਨੀ ਰੀਤ ਨਈ ਹੈ।
ਯੂੰ ਹੀ ਹਮੇਸ਼ਾ ਖਿਲਾਏਂ ਹੈ ਹਮਨੇ ਅੰਗਾਰੋਂ ਮੇਂ ਫੂਲ
ਨਾ ਉਨਕੀ ਹਾਰ ਨਈ ਹੈ ਨਾ ਅਪਨੀ ਜੀਤ ਨਈ ਹੈ।

ਅਮੀਰ ਦੇਸ਼ ਗਰੀਬ ਦੇਸ਼ਾਂ ਨੂੰ ਅਸਲਾ ਵੇਚਦੇ ਹਨ। ਗਰੀਬ ਦੇਸ਼ ਕਰਜ਼ਾ ਚੁੱਕ ਅਸਲਾ ਯਾਨਿ ਮੌਤ ਖਰੀਦਦੇ ਨੇ। ਮੌਤ ਦੇ ਵਪਾਰੀਆਂ ਦੀਆਂ ਇਨ੍ਹਾਂ ਨੀਤੀਆਂ ਕਰਕੇ ਜੰਗ ਸਾਡੇ ਘਰਾਂ ਵਿੱਚ ਆ ਵੜੀ ਹੈ; ਜੰਗ ਸਾਡੇ ਮਨਾਂ, ਸਾਡੇ ਬੱਚਿਆਂ ਦੇ ਦਿਮਾਗਾਂ ਵਿੱਚ ਆ ਵੜੀ ਹੈ। ਟੀ.ਵੀ. 'ਤੇ ਚੱਲਦੇ ਨਾਟਕਾਂ ਤੇ ਫਿਲਮਾਂ ਵਿੱਚ ਦਿਖਾਈ ਜਾਣ ਵਾਲੀ ਹਿੰਸਾ ਨੇ ਲੋਕਾਂ ਦੇ ਦਿਲਾਂ ਵਿੱਚੋਂ ਦਇਆ ਕੱਢ ਕੇ ਕਠੋਰਤਾ ਭਰ ਦਿੱਤੀ ਹੈ। ਇਸੇ ਲਈ ਥਾਂ ਥਾਂ 'ਤੇ ਕਾਤਲ ਤੇ ਬਲਾਤਕਾਰੀ ਪੈਦਾ ਹੋ ਗਏ ਹਨ। ਵੀਡੀਓ ਗੇਮਾਂ ਵਿੱਚ ਚੱਲਦੀਆਂ ਕਾਰਾਂ ਦੀ ਟੱਕਰ ਤੇ ਨਿਕਲਦੀ ਅੱਗ, ਠਾਹ ਠਾਹ ਚੱਲਦੀਆਂ ਮਸ਼ੀਨਗੰਨਾਂ ਅਤੇ ਗੋਲੀਆਂ ਸਾਡੇ ਬੱਚਿਆਂ ਨੂੰ ਕੀ ਸਿਖਾ ਰਹੀਆਂ ਹਨ? ਕੀ ਅਸੀਂ ਕਦੇ ਗੌਰ ਕੀਤਾ? ਅਸੀਂ ਇਸ ਜੰਗ ਨੂੰ ਪਛਾਨਣਾ ਹੈ, ਪਛਾੜਨਾ ਹੈ। ਆਪਣੇ ਮਨਾਂ ਵਿਚੋਂ, ਆਪਣੇ ਘਰਾਂ ਵਿੱਚੋਂ, ਆਪਣੇ ਸਮਾਜ ਵਿੱਚੋਂ ਅਤੇ ਆਪਣੇ ਆਲੇ-ਦੁਆਲੇ ਵਿੱਚੋਂ ਇਸ ਨਫ਼ਰਤ ਨੂੰ ਜੜੋਂ ਉਖਾੜਨਾ ਹੈ। ਅਸੀਂ ਲਾਈਲੱਗ ਨਹੀਂ ਕਿ ਕਿਸੇ ਮੀਡੀਏ, ਕਿਸੇ ਫਿਰਕਾਪ੍ਰਸਤ ਜਾਂ ਮੌਤ ਦੇ ਕਿਸੇ ਵਪਾਰੀ ਦੇ ਪਿੱਛੇ ਲਗ ਕੇ ਆਪਣੇ ਹੀ ਹਮਸਾਇਆਂ ਦੇ ਖ਼ੂਨ ਵਿੱਚ ਹੱਥ ਰੰਗੀਏ ਜਾਂ ਜੰਗ ਜਿਹਾ ਮਾਹੌਲ ਸਿਰਜੀਏ।

ਆਓ, ਅਸੀਂ ਇਸ ਦੁਨੀਆਂ ਨੂੰ ਜੀਉਣ ਜੋਗੀ ਕਰਨ ਲਈ ਕੁਝ ਉਪਰਾਲਾ ਕਰੀਏ; ਆਪਣੇ ਆਲੇ-ਦੁਆਲੇ ਦੀ ਸੋਚ ਨੂੰ ਬਦਲੀਏ ਕਿ ਆਪਸੀ ਸਦਭਾਵਨਾ ਬਣੀ ਰਹੇ; ਨਫ਼ਰਤ ਫੈਲਾਉਣ ਵਾਲਿਆਂ ਨੂੰ ਦੱਸੀਏ ਕਿ ਅਸੀਂ ਜੰਗ ਨਹੀਂ, ਅਮਨ ਸ਼ਾਂਤੀ ਦੇ ਪੁਜਾਰੀ ਹਾਂ।

ਸ਼ਿਵ ਕੁਮਾਰ ਬਟਾਲਵੀ ਦੇ ਇਸ ਸੁਨੇਹੇ 'ਤੇ ਫੁੱਲ ਚੜ੍ਹਾਈਏ ਕਿ ਇਸ ਦੁਨੀਆਂ ਵਿੱਚੋਂ ਨਫਰਤ ਸਦਾ ਲਈ ਮਿਟ ਜਾਵੇ ਅਤੇ ਸਾਰੇ ਅਮਨ-ਚੈਨ ਨਾਲ ਜੀਉਣ:

ਸੁਣਿਉਂ ਵੇ ਕਲਮਾਂ ਵਾਲਿਉ
ਸੁਣਿਉਂ ਵੇ ਅਕਲਾਂ ਵਾਲਿਉ
ਸੁਣਿਉਂ ਵੇ ਹੁਨਰਾਂ ਵਾਲਿਉ
ਹੈ ਅੱਖ ਚੁੱਭੀ ਅਮਨ ਦੀ
ਆਇਉ ਵੇ ਫੂਕਾਂ ਮਾਰਿਉ
ਇੱਕ ਦੋਸਤੀ ਦੇ ਜ਼ਖਮ 'ਤੇ
ਸਾਂਝਾਂ ਦਾ ਲੋਗੜ ਬੰਨ੍ਹ ਕੇ
ਸਮਿਆਂ ਦੀ ਥੋਹਰ ਪੀੜ ਕੇ
ਦੁੱਧਾਂ ਦਾ ਛੱਟਾ ਮਾਰਿਉ

ਓ ਐਟਮਾਂ ਦਿਉ ਤਾਜਰੋ
ਬਾਰੂਦ ਦੇ ਵਣਜਾਰਿਉ
ਹੁਣ ਹੋਰ ਨਾ ਮਨੁੱਖ ਦੇ ਸਿਰ
ਲਹੂਆਂ ਦਾ ਕਰਜ਼ਾ ਚਾੜ੍ਹਿਉ
ਹੈ ਅੱਖ ਚੁੱਭੀ ਅਮਨ ਦੀ
ਆਇਉ ਵੇ ਫੂਕਾਂ ਮਾਰਿਉ।

-0-

# ਭਾਈ ਮਰਦਾਨਾ: ਸੋਈ ਮਰਦੁ ਮਰਦੁ ਮਰਦਾਨਾ




**"ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਵਲੋਂ ਖੋਜ ਕਰ ਕੇ ਤਿਆਰ ਕੀਤੀ ਗਈ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਲੇਖਕ ਅਨੁਸਾਰ ਇਸ ਵਿਸ਼ੇ ਸਬੰਧੀ ਪਹਿਲਾਂ ਪ੍ਰਕਾਸ਼ਿਤ ਪੁਸਤਕਾਂ ਵਿਚੋਂ ਹਵਾਲੇ ਦੇਣ ਦੀ ਥਾਂ ਉਸ ਨੇ ਸਬੰਧਤ ਸਮੁੱਚੀਆਂ ਥਾਂਵਾਂ ਉਤੇ ਜਾ ਕੇ ਵੇਰਵੇ ਇਕੱਤਰ ਕੀਤੇ ਹਨ। ਉਹ ਹੁਣ ਤੱਕ 19 ਪੁਸਤਕਾਂ ਲਿਖ ਚੁੱਕਾ ਹੈ। ਅਸੀਂ ਸੁਹਿਰਦ ਪਾਠਕਾਂ ਲਈ "ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੂੰ 'ਪੰਜਾਬੀ ਪਰਵਾਜ਼' ਵਿੱਚ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ...**

**ਅਲੀ ਰਾਜਪੁਰਾ**
ਫੋਨ:+91-9417679302



ਭਾਈ ਮਰਦਾਨਾ ਜੀ ਨੂੰ ਸਿੱਖ ਜਗਤ ਅੰਦਰ ਬਹੁਤ ਹੀ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦਾ ਜਨਮ 1459 ਈ. ਵਿੱਚ ਪਿਤਾ ਬਦਰਾ ਦੇ ਘਰ ਮਾਤਾ ਲੱਖੋ ਦੀ ਕੁੱਖੋਂ ਹੋਇਆ। ਮਰਦਾਨਾ ਜੀ ਦਾ ਪਿਛੋਕੜ ਮੀਰ ਆਲਮ ਘਰਾਣੇ ਤੋਂ ਹੈ। ਸਰੀਰਕ ਤੌਰ 'ਤੇ ਪੂਰੀ ਤਰ੍ਹਾਂ ਰਿਸ਼ਟ-ਪੁਸ਼ਟ ਹੋਣ ਕਾਰਨ ਉਨ੍ਹਾਂ ਦਾ ਨਾਂ 'ਮਰਦਾਨਾ' ਰੱਖਿਆ ਗਿਆ। ਮਾਂ ਦਾ ਮੰਨਣਾ ਸੀ ਕਿ ਨਾਂਵਾਂ ਵਿੱਚ ਭਾਰੀ ਬਰਕਤ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਮਾਰੂ ਸੋਲਹੇ ਮ: 5 ਅਨੁਸਾਰ ਅਰਥ ਕੁਝ ਇਸ ਤਰ੍ਹਾਂ ਮਿਲਦਾ ਹੈ:

ਜਾ ਕਉ ਮਿਹਰ ਮਿਹਰ ਮਿਹਰਵਾਨਾ॥
ਸੋਈ ਮਰਦੁ ਮਰਦੁ ਮਰਦਾਨਾ॥ (ਅੰਗ 1084)

ਜਿਵੇਂ ਪਿੱਛੇ ਪੜ੍ਹ ਆਏ ਹਾਂ ਕਿ ਗੁਰੂ ਨਾਨਕ ਦੇਵ ਜੀ ਦੀ ਦਾਈ ਦੌਲਤਾਂ ਸਾਕ-ਸੰਬੰਧ 'ਚੋਂ ਮਰਦਾਨਾ ਜੀ ਦੀ ਭੈਣ ਲੱਗਦੀ ਸੀ। ਮਾਈ ਦੌਲਤਾਂ ਹੀ ਬਾਬਾ ਨਾਨਕ ਤੇ ਮਰਦਾਨਾ ਜੀ ਦੀ ਦੋਸਤੀ ਦਾ ਪੁਲ਼ ਬਣੀ, ਕਿਉਂਕਿ ਜਦੋਂ ਉਹ ਬਾਬੇ ਨਾਨਕ ਨੂੰ ਖਿਡਾਉਣ, ਦੇਖ-ਭਾਲ ਕਰਨ ਆਉਂਦੀ ਸੀ ਤਾਂ ਭਾਈ ਮਰਦਾਨਾ ਵੀ ਨਾਲ ਆ ਜਾਂਦੇ। ਇਸ ਤਰ੍ਹਾਂ ਬਾਬਾ ਨਾਨਕ ਤੇ ਭਾਈ ਮਰਦਾਨਾ ਦਾ ਆਪਸੀ ਸਨੇਹ ਬਣਿਆ। ਭਾਈ ਮਰਦਾਨਾ ਸੰਗੀਤ 'ਚ ਮਾਹਰ ਹੋਣ ਕਰਕੇ ਸੰਗੀਤ 'ਚ ਰੁਦਨ ਹੋ ਗਏ ਤੇ ਕਈ ਤਰ੍ਹਾਂ ਦੇ ਸਾਜ਼ਾਂ ਦਾ ਗਿਆਨ ਹਾਸਿਲ ਕਰ ਲਿਆ। ਦੂਜੇ ਪਾਸੇ ਬਾਬਾ ਨਾਨਕ ਪਰਮਾਤਮਾ ਦੀ ਉਸਤਤ 'ਚ ਮਹਾਨ ਸਨ। ਜਦੋਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਜਾ ਪਹੁੰਚੇ ਤਾਂ ਭਾਈ ਮਰਦਾਨੇ ਨੇ ਵੀ ਉੱਥੇ ਡੇਰੇ ਲਾਏ। ਜਦਕਿ ਮਰਦਾਨਾ ਜੀ ਬਾਬਾ ਨਾਨਕ ਤੋਂ ਲਗਭਗ ਦਸ ਸਾਲ ਵੱਡੇ ਸਨ ਤੇ ਚਾਰ ਉਦਾਸੀਆਂ ਸਮੇਂ ਬਾਬੇ ਨਾਨਕ ਦੀ ਲਗਭਗ 31 ਸਾਲ ਤੇ ਮਰਦਾਨਾ ਜੀ ਦੀ ਉਮਰ 41 ਸਾਲ ਸੀ। ਭਾਈ ਮਰਦਾਨਾ ਗੁਰੂ ਜੀ ਦੇ ਸ਼ਰਧਾਲੂ ਸਨ ਤੇ ਉਨ੍ਹਾਂ ਨੇ ਗੁਰੂ ਦਿਆਂ ਸ਼ਬਦਾਂ ਨੂੰ ਭਾਈ ਫਰੰਦਾ ਜੀ ਵੱਲੋਂ ਬਣਾਈ ਛੇ ਤਾਰਾਂ ਵਾਲ਼ੀ ਰਬਾਬ (ਪ੍ਰਿੰਸੀਪਲ ਸਤਬੀਰ ਸਿੰਘ-ਬਲਿਓ ਚਿਰਾਗ) ਦਾ ਸੰਗੀਤ ਦਿੱਤਾ ਤੇ ਗੁਰੂ ਜੀ ਨੇ ਮਰਦਾਨੇ ਨੂੰ 'ਭਾਈ' ਕਹਿ ਕੇ ਸਤਿਕਾਰਿਆ।

ਭਲਾ ਰਬਾਬ ਵਜਾਇਦਾ ਮਜਲਸ ਮਰਦਾਨਾ ਮੀਰਾਸੀ।
(ਵਾਰਾਂ ਭਾਈ ਗੁਰਦਾਸ ਜੀ, ਵਾਰ 11, ਪਉੜੀ 13)

ਅਕਸਰ ਖ਼ੁਸ਼ੀ 'ਚ ਮਰਦਾਨਾ ਜੀ ਆਖਦੇ ਸਨ ਕਿ ਤੁਸੀਂ ਵੀ ਡੂੰਮ ਹੋ ਤੇ ਮੈਂ ਵੀ ਡੂੰਮ; ਵਿਭਿੰਨਤਾ ਇਹ ਹੈ ਕਿ ਤੁਸੀਂ ਪਰਮਾਤਮਾ ਦੇ ਡੂੰਮ ਹੋ ਤੇ ਮੈਂ ਤੁਹਾਡਾ।

ਇੱਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ॥
(ਵਾਰ 1, ਪਉੜੀ 35-ਭਾਈ ਗੁਰਦਾਸ ਜੀ)

ਅੰਤਿਮ ਵੇਲ਼ੇ ਗੁਰੂ ਜੀ ਨੇ ਭਾਈ ਮਰਦਾਨੇ ਨੂੰ ਕਿਹਾ ਕਿ ਬ੍ਰਾਹਮਣ ਦੀ ਦੇਹੀ ਜਲ ਪ੍ਰਵਾਹ ਕੀਤੀ ਜਾਂਦੀ ਹੈ। ਖੱਤਰੀ ਦੀ ਅੱਗ ਵਿੱਚ ਸਾੜੀ ਜਾਂਦੀ ਹੈ, ਸ਼ੂਦਰ ਦੀ ਦਫ਼ਨਾਈ ਜਾਂਦੀ ਹੈ, ਵੈਸ਼ ਦੀ ਪੌਣ ਵਿੱਚ ਸੁੱਟੀ ਜਾਂਦੀ ਹੈ। ਤੇਰੀ ਇੱਛਾ ਕੀ ਹੈ? ਕੀ ਕੀਤਾ ਜਾਵੇ, "ਜਲ ਪ੍ਰਵਾਹ ਕੀਤੀ ਜਾਵੇ ਕਿ ਦਫਨਾਈ ਜਾਵੇ ਜਾਂ ਅੱਗ ਵਿੱਚ ਸਾੜੀ ਜਾਵੇ" ਤਾਂ ਭਾਈ ਮਰਦਾਨੇ ਦਾ ਉੱਤਰ ਸੀ, "ਮੈਂ ਤਾਂ ਆਪਣੀ ਆਤਮਾ ਨੂੰ ਸਿਰਫ਼ ਸਰੀਰ ਦੀ ਸਾਥੀ ਸਮਝਦਾ ਹਾਂ, ਮੈਨੂੰ ਰਤਾ ਧਿਆਨ ਨਹੀਂ ਦੇਹੀ ਦਾ, ਜਿਵੇਂ ਤੁਹਾਡੀ ਇੱਛਾ।"

"ਗੁਰੂ ਜੀ ਨੇ ਕਿਹਾ ਮਰਦਾਨਿਆ, ਫਿਰ ਤੇਰੀ ਕਬਰ ਬਣਾ ਕੇ ਤੈਨੂੰ ਜਗਤ ਪ੍ਰਸਿੱਧ ਕਰ ਦਿੰਦੇ ਹਾਂ।" ਤਾਂ ਮਰਦਾਨੇ ਨੇ ਕਿਹਾ, "ਕਿਉਂ ਮਹਾਰਾਜ ਸਰੀਰ ਰੂਪੀ ਕਬਰ 'ਚੋਂ ਆਤਮਾ ਨਿਕਲ ਜਾਵੇਗੀ ਤਾਂ ਪੱਥਰ-ਮਿੱਟੀ ਦੀ ਕਬਰ 'ਚ ਕਿਉਂ ਦਫਨਾਉਣ ਲੱਗੇ ਓਂ!" ਜਾਣੀ-ਜਾਣ ਗੁਰੂ ਜੀ ਸਮਝ ਗਏ ਕਿ ਮਰਦਾਨੇ ਨੇ ਬ੍ਰਹਮ ਨੂੰ ਹਾਸਿਲ ਕਰ ਲਿਆ ਹੈ। ਗੁਰੂ ਜੀ ਨੇ ਕਿਹਾ, "ਭਾਈ ਮਰਦਾਨਿਆ, ਤੇਰੀ ਦੇਹੀ ਜਲ ਪ੍ਰਵਾਹ ਕੀਤੀ ਜਾਵੇਗੀ। ਇਸ ਲਈ ਤੂੰ ਜਾ। ਆਪਣੀ ਬਿਰਤੀ ਅਕਾਲ ਪੁਰਖ ਵਿੱਚ ਲਾ ਕੇ ਦਰਿਆ ਕੰਢੇ ਬੈਠ ਜਾ।" ਮਰਦਾਨੇ ਨੇ ਗੁਰੂ ਜੀ ਦੀ ਆਗਿਆ ਦਾ ਪਾਲਣ ਕੀਤਾ। ਅੰਮ੍ਰਿਤ ਵੇਲੇ ਭਾਈ ਮਰਦਾਨੇ ਦੀ ਆਤਮਾ ਬ੍ਰਹਮ ਵਿੱਚ ਜਾ ਮਿਲੀ। ਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ ਭਾਈ ਮਰਦਾਨੇ ਜੀ ਦੀ ਦੇਹੀ ਨੂੰ ਜਲ ਪ੍ਰਵਾਹ ਕੀਤਾ।

ਉਂਝ ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਭਾਈ ਮਰਦਾਨਾ ਜੀ ਦਾ ਇੰਤਕਾਲ ਅਫ਼ਗਾਨਿਸਤਾਨ ਦੇ 'ਕੁਰਮ' ਦਰਿਆ ਕੰਢੇ ਕੁਰਮ ਨਗਰ ਵਿੱਚ ਹੋਇਆ। ਭਾਈ ਮਰਦਾਨਾ ਜੀ ਦੀ ਕਬਰ ਕੁਰਮ ਦਰਿਆ ਕੰਢੇ ਅੱਜ ਵੀ ਮੌਜੂਦ ਹੈ। ਕੁਝ ਇਤਿਹਾਸਕਾਰ ਲਿਖਦੇ ਹਨ ਕਿ 1534 ਈ. ਵਿੱਚ ਰਾਵੀ ਦਰਿਆ ਕੰਢੇ ਕਰਤਾਰਪੁਰ ਵਿਖੇ ਭਾਈ ਮਰਦਾਨੇ ਨੇ ਫਾਨੀ ਸੰਸਾਰ ਨੂੰ ਅਲਵਿਦਾ ਆਖੀ। ਦੱਸਿਆ ਜਾਂਦਾ ਹੈ ਕਿ ਕੁਝ ਪਰਿਵਾਰਕ ਮੈਂਬਰ ਭਾਰਤ ਵੰਡ ਵੇਲ਼ੇ ਪਾਕਿਸਤਾਨ ਜਾ ਵਸੇ ਤੇ ਕੁਝ ਉਨ੍ਹਾਂ ਦੀ ਪੀੜ੍ਹੀ 'ਚੋਂ ਅੱਜ-ਕਲ੍ਹ ਪੰਜਾਬ 'ਚ ਹਨ। ਭਾਈ ਮਰਦਾਨਾ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਸੰਤਾਲੀ ਸਾਲ (564 ਮਹੀਨੇ, 16 ਹਜ਼ਾਰ 620 ਦਿਨ) ਰਬਾਬ ਵਜਾਈ। (ਪ੍ਰੋ. ਸਾਹਿਬ ਸਿੰਘ)

ਗੁਰ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਮਾਣ ਬਖ਼ਸ਼ਿਆ। ਗੁਰੂ ਗ੍ਰੰਥ ਸਾਹਿਬ ਵਿੱਚ ਸਲੋਕ ਮਰਦਾਨਾ 1 ਦੇ ਨਾਮ ਹੇਠ ਦਰਜ ਹੈ:

ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ॥
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ॥
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥
ਗਿਆਨੁ ਗੁੜੁਸਾਲਾਹ ਮੰਡੇ ਭਉ ਮਾਸੁ ਆਹਾਰੁ॥ (ਅੰਗ 553)

## ਨਵਾਬ ਦੌਲਤ ਖ਼ਾਂ ਲੋਧੀ

ਲਗਭਗ 1485 ਈ. ਰਾਇ ਬੁਲਾਰ ਨੇ ਨਵਾਬ ਦੌਲਤ ਖ਼ਾਂ ਨੂੰ ਖ਼ਤ ਲਿਖ ਕੇ ਅਰਜ਼ ਕੀਤੀ, "ਜਿਸ ਜੁਆਨ ਨੂੰ ਮੈਂ, ਆਪ ਪਾਸ ਭੇਜ ਰਿਹਾ ਹਾਂ, ਤੁਸੀਂ ਉਸ ਨੂੰ ਬਹੁਤ ਆਦਰ ਨਾਲ ਚੰਗੀ ਨੌਕਰੀ ਦੇਣੀ ਹੈ।" ਨਵਾਬ ਨੇ ਬਾਬਾ ਨਾਨਕ ਜੀ ਤੋਂ ਪੜ੍ਹਾਈ ਲਿਖਾਈ ਬਾਰੇ ਪੁੱਛਿਆ। ਬਾਬਾ ਜੀ ਨੇ ਹਿੰਦੀ ਅਤੇ ਫ਼ਾਰਸੀ ਦੇ ਗਿਆਨ ਬਾਰੇ ਦੱਸਿਆ। ਜਦੋਂ ਦੌਲਤ ਖ਼ਾਂ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਸਾਡੇ ਮੋਦੀਖ਼ਾਨੇ 'ਚ ਕੰਮ ਕਰੋ ਤਾਂ ਬਾਬਾ ਨਾਨਕ ਜੀ ਨੇ ਕਿਹਾ, "ਤੁਸੀਂ ਲੋਕ ਕੰਨਾਂ ਦੇ ਕੱਚੇ ਹੁੰਦੇ ਓ, ਤੁਸੀਂ ਲੋਕ ਦੂਜੇ ਦੀਆਂ ਗੱਲਾਂ ਸੁਣਦੇ ਓ। ਮੈਂ ਇਸ ਲਈ ਇੱਥੇ ਕੰਮ ਨਹੀਂ ਕਰਾਂਗਾ।" ਦੌਲਤ ਖ਼ਾਂ ਇੰਨਾ ਸੁਣ ਕੇ ਬੋਲਿਆ, "ਹੇ ਨਾਨਕ, ਅਸੀਂ ਤੇਰੇ ਤੋਂ ਗੱਲਾਂ ਨਹੀਂ ਸੁਣਾਂਗੇ...।" ਨਾਨਕ ਦੇਵ ਜੀ ਨੇ ਛੇਤੀ ਕੰਮ ਕਰਨ ਦੀ ਹਾਮੀ ਭਰ ਦਿੱਤੀ। ਸਾਰੇ ਕੰਮਾਂ ਨੂੰ ਬਾਬਾ ਜੀ ਨੇ ਛੇਤੀ ਸਮਝ ਲਿਆ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਤਰੀਕੇ ਨਾਲ ਕੰਮ ਕਰਨਾ ਆਰੰਭ ਕਰ ਦਿੱਤਾ, ਜਿਵੇਂ (1) ਜਿਹੜੀ ਰਸਦ ਦੌਲਤ ਖ਼ਾਂ ਦੇ ਕੋਲ਼ ਜਾਂਦੀ, ਉਹੋ ਹੀ ਰਸਦ ਲੋਕਾਂ ਨੂੰ ਦਿੱਤੀ ਜਾਣ ਲੱਗੀ; (2) ਲੋਕਾਂ ਦੇ ਹਿੱਸੇ 'ਚੋਂ ਰਸਦ ਦਾ ਕੱਟਿਆ ਜਾਂਦਾ ਦਸਵਾਂ ਹਿੱਸਾ ਬੰਦ ਕਰ ਦਿੱਤਾ ਭਾਵ ਲੋਕਾਂ ਨੂੰ ਪੂਰੀ ਰਸਦ ਮਿਲਣ ਲੱਗੀ।

ਲੋਕ ਗੁਰੂ ਜੀ ਦੇ ਇਨ੍ਹਾਂ ਨੇਕ ਕੰਮਾਂ ਤੋਂ ਖ਼ੁਸ਼ ਰਹਿਣ ਲੱਗੇ। ਗੁਰੂ ਜੀ ਦੀ ਮਹਿਮਾ ਹੋਣ ਲੱਗੀ ਤਾਂ ਕਾਜ਼ੀ ਨੇ ਗੁਰੂ ਜੀ ਦੀ ਸ਼ਿਕਾਇਤ ਦੌਲਤ ਖ਼ਾਂ ਕੋਲ਼ ਕੀਤੀ। ਕੁਝ ਇਤਿਹਾਸਕਾਰਾਂ ਅਨੁਸਾਰ: ਦੌਲਤ ਖ਼ਾਂ ਨੇ ਮੋਦੀਖਾਨੇ ਵਿਚਲੇ ਸਮਾਨ ਦੀ ਪੜਤਾਲ ਕਰਵਾਈ ਤਾਂ ਸਾਰਾ ਸਮਾਨ ਪੂਰਾ ਸੀ। ਕੰਨਾਂ ਦੇ ਕੱਚੇ ਦੌਲਤ ਖ਼ਾਂ ਨੂੰ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ।

ਨਵਾਬ ਖ਼ਾਂ ਨੇ ਦੋ ਵਾਰ ਲੋਕਾਂ ਦੀਆਂ ਗੱਲਾਂ ਸੁਣੀਆਂ। ਪੜਤਾਲ ਕਰਵਾਈ ਤਾਂ ਦੋਵੇਂ ਵਾਰ ਝੂਠ ਸਾਬਿਤ ਹੋਇਆ। ਜਦੋਂ ਗੁਰੂ ਨਾਨਕ ਦੇਵ ਜੀ ਨੇ ਰੱਬ ਇੱਕ ਹੋਣ ਦਾ ਤੇ 'ਨਾ ਕੋਈ ਹਿੰਦੂ ਨਾ ਮੁਸਲਮਾਨ' ਹੋਣ ਦਾ ਹੋਕਾ ਦਿੱਤਾ ਤਾਂ ਦੌਲਤ ਖ਼ਾਂ ਨੇ ਗੁਰੂ ਨਾਨਕ ਦੇਵ ਜੀ ਨਾਲ ਇਹ ਚਰਚਾ ਛੇੜੀ ਕਿ ਜਦ ਉਹ ਮੂਰਤੀ ਪੂਜਾ ਦੇ ਵਿਰੁੱਧ ਅਤੇ ਇੱਕ ਪਰਮਾਤਮਾ/ਅੱਲ੍ਹਾ ਨੂੰ ਮੰਨਦਾ ਹੈ ਤਾਂ ਉਹ ਮੁਸਲਮਾਨ ਹੋਣ ਦਾ ਇੱਕਰਾਰ ਕਿਉਂ ਨਹੀਂ ਕਰ ਲੈਂਦਾ? ਇਹ ਕਹਿ ਕੇ ਨਵਾਬ ਖ਼ਾਂ ਨੇ ਗੁਰੂ ਜੀ ਨੂੰ ਮਸੀਤ 'ਚ ਨਮਾਜ਼ ਪੜ੍ਹਨ ਦੀ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਕੋਈ ਇਤਰਾਜ਼ ਨਹੀਂ ਸੀ ਕੀਤਾ। ਮਸੀਤ ਅੰਦਰ ਗੁਰੂ ਜੀ ਨਮਾਜ਼ ਪੜ੍ਹਨ ਲਈ ਦਾਖ਼ਲ ਹੋਏ।

ਸਾਰੇ ਸਫਾਂ ਬਣਾ ਕੇ ਨਮਾਜ਼ ਪੜ੍ਹਨ ਲੱਗੇ। ਗੁਰੂ ਜੀ ਇੱਕ ਪਾਸੇ ਖੜ੍ਹ ਗਏ। ਨਵਾਬ ਖ਼ਾਂ ਨੂੰ ਗੁਰੂ ਜੀ ਦਾ ਇਸ ਤਰ੍ਹਾਂ ਖੜ੍ਹੇ ਰਹਿਣਾ ਚੰਗਾ ਨਾ ਲੱਗਾ ਤਾਂ ਉਸਨੇ ਕਿਹਾ ਕਿ ਤੁਸੀਂ ਨਮਾਜ਼ ਕਿਉਂ ਨਹੀਂ ਪੜ੍ਹੀ? ਗੁਰੂ ਜੀ ਨੇ ਕਿਹਾ, "ਮੈਨੂੰ ਤਾਂ ਕੋਈ ਨਮਾਜ਼ੀ ਲੱਗਿਆ ਈ ਨੀ, ਮੈਂ ਨਮਾਜ਼ ਕਿਸ ਨਾਲ ਪੜ੍ਹਦਾ। ਕਾਜ਼ੀ ਦਾ ਧਿਆਨ ਆਪਣੀ ਘੋੜੀ ਦੇ ਵਿੱਚ ਸੀ, ਕਿਤੇ ਉਹ ਖੂਹ 'ਚ ਨਾ ਡਿੱਗ ਪਵੇ। ਤੁਹਾਡਾ ਆਪਣਾ ਦਿਲ ਉਸ ਸਮੇਂ ਕੰਧਾਰ ਤੋਂ ਘੋੜੇ ਖਰੀਦ ਰਿਹਾ ਸੀ। ਜਦੋਂ ਤੁਹਾਡੇ ਵਰਗੇ ਪੱਕੇ ਨਮਾਜ਼ੀਆਂ ਦਾ ਇਹ ਹਾਲ ਸੀ ਤਾਂ ਮੈਂ ਨਮਾਜ਼ ਕਿਸ ਪਿੱਛੇ ਪੜ੍ਹਦਾ।" ਗੁਰੂ ਨਾਨਕ ਨੇ ਇਨ੍ਹਾਂ ਦੀ ਦਸ਼ਾ ਨੂੰ ਦੇਖਦਿਆਂ ਕਿਹਾ ਕਿ ਬੰਦੇ ਨੂੰ ਬੰਦਗੀ ਇੱਕਾਗਰ ਚਿੱਤ ਨਾਲ ਕਰਨੀ ਚਾਹੀਦੀ ਹੈ।

ਜਦੋਂ ਗੁਰੂ ਨਾਨਕ ਦੇਵ ਜੀ ਚਾਰ ਉਦਾਸੀਆਂ ਲਈ ਸੁਲਤਾਨਪੁਰ ਨੂੰ ਛੱਡਣ ਲੱਗੇ ਤਾਂ ਦੌਲਤ ਖ਼ਾਂ ਲੋਧੀ ਨੇ ਬੇਨਤੀ ਕੀਤੀ, "ਉਹ ਸੁਲਤਾਨਪੁਰ ਨਾ ਛੱਡਣ, ਉਨ੍ਹਾਂ ਨਾਲ ਸਾਰੇ ਨਗਰ ਅੰਦਰ ਬਰਕਤ ਹੈ।" ਗੁਰੂ ਜੀ ਨੇ ਉਪਦੇਸ਼ ਦੇ ਕੇ ਆਗਿਆ ਲਈ ਕਿ "ਸਾਧੂ ਇੱਕ ਥਾਂ 'ਤੇ ਬੱਝੇ ਨਹੀਂ ਰਹਿੰਦੇ, ਤੁਸੀਂ ਇਮਾਨਦਾਰੀ ਨਾਲ ਪਰਜਾ ਨਾਲ ਨਿਆਂ ਕਰੋ, ਅਕਾਲ ਪੁਰਖ, ਅੱਲ੍ਹਾ, ਪ੍ਰਭੂ ਮਿਹਰ ਕਰਨਗੇ।"

## ਸਾਈਂ ਅੱਲਾ ਦਿੱਤਾ

ਵੇਈਂ ਨਦੀ ਕੰਢੇ ਸਾਈਂ ਅੱਲਾ ਦਿੱਤਾ ਦਾ ਡੇਰਾ ਸੀ, ਜਿੱਥੇ ਅੱਜ ਕੱਲ੍ਹ ਗੁਰੂ ਘਰ ਬੇਰ ਸਾਹਿਬ ਉਸਰਿਆ ਹੈ। ਦੱਸਿਆ ਜਾਂਦਾ ਹੈ ਕਿ ਸਾਈਂ ਕੋਲ਼ ਜਦੋਂ ਕੋਈ ਪੀਰ-ਫ਼ਕੀਰ ਆਉਂਦਾ ਤਾਂ ਉਹ ਉਸ ਨੂੰ ਖ਼ਰਬੂਜਾ ਜ਼ਰੂਰ ਭੇਟ ਕਰਦਾ। ਜਦੋਂ ਭੇਟ ਲੈਣ ਵਾਲਾ ਸ਼ਖ਼ਸ ਖ਼ਰਬੂਜਾ ਖਾ ਲੈਂਦਾ ਤਾਂ ਸਾਈਂ ਮੁੜ ਉਸ ਤੋਂ ਭੇਟ ਕੀਤੇ ਖ਼ਰਬੂਜੇ ਨੂੰ ਵਾਪਸ ਕਰਨ ਦੀ ਮੰਗ ਕਰਦਾ। ਉਹ ਹਰ ਆਏ ਫ਼ਕੀਰ ਨੂੰ ਇਸ ਤਰ੍ਹਾਂ ਨੀਵਾਂ ਦਿਖਾਉਂਦਾ। ਜਦੋਂ ਗੁਰੂ ਨਾਨਕ ਦੇਵ ਜੀ ਨੂੰ ਸਾਈਂ ਅੱਲਾ ਦਿੱਤਾ ਬਾਰੇ ਪਤਾ ਲੱਗਿਆ ਤਾਂ ਉਹ ਵੀ ਉਨ੍ਹਾਂ ਕੋਲ ਜਾ ਪਹੁੰਚੇ। ਸਾਈਂ ਅੱਲਾ ਦਿੱਤਾ ਨੇ ਗੁਰੂ ਨਾਨਕ ਦੇਵ ਜੀ ਨੂੰ ਖ਼ਰਬੂਜਾ ਭੇਟ ਕੀਤਾ। ਗੁਰੂ ਨਾਨਕ ਦੇਵ ਜੀ ਨੇ ਖ਼ਰਬੂਜਾ ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਦੋ ਫਾੜੀਆਂ ਸਾਈਂ ਨੂੰ ਭੇਟ ਕੀਤੀਆਂ ਤੇ ਆਪ ਵੀ ਛਕਿਆ। ਜਦੋਂ ਖ਼ਰਬੂਜਾ ਛਕਿਆ ਜਾ ਚੁੱਕਿਆ ਸੀ ਤਾਂ ਸਾਈਂ ਨੇ ਗੁਰੂ ਜੀ ਨੂੰ ਖ਼ਰਬੂਜਾ ਵਾਪਿਸ ਕਰਨ ਲਈ ਕਿਹਾ। ਗੁਰੂ ਜੀ ਬੋਲੇ, "ਖ਼ਰਬੂਜਾ ਤਾਂ ਹੁਣ ਛਕਿਆ ਜਾ ਚੁੱਕਿਆ ਹੈ।" ਸਾਈਂ ਹੰਕਾਰ ਭਰੇ ਸ਼ਬਦਾਂ ਨਾਲ ਆਖਣ ਲੱਗਾ, "ਜੇ ਖ਼ਰਬੂਜਾ ਨਹੀਂ ਵਾਪਿਸ ਕਰ ਸਕਦੇ ਫੇਰ ਮੇਰੇ ਪੈਰੀਂ ਪੈ ਜਾਓ।" ਗੁਰੂ ਜੀ ਨੇ ਉਸ ਨੂੰ ਬੋਚਦਿਆਂ ਸਲਾਹ ਦਿੱਤੀ, "ਤੂੰ ਪਹਿਲਾਂ ਆਪਣੀਆਂ ਦੋ ਫਾੜੀਆਂ ਵਾਪਿਸ ਕਰ, ਬਾਕੀ ਅਸੀਂ ਤੈਨੂੰ ਵਾਪਿਸ ਕਰਾਂਗੇ ਤੇ ਤੈਨੂੰ ਮੁਰਸ਼ਦ ਮੰਨ ਲਵਾਂਗੇ।" ਸਾਈਂ ਆਪਣੇ ਸਵਾਲ 'ਚ ਆਪ ਫਸ ਗਿਆ ਤੇ ਆਪਣਾ ਆਸਣ ਛੱਡ ਕੇ ਗੁਰੂ ਜੀ ਦੇ ਚਰਨੀਂ ਲੱਗ ਗਿਆ। ਉਥੋਂ ਹੀ ਸਾਈਂ ਅੱਲਾ ਦਿੱਤਾ ਦਾ ਨਾਂ ਖ਼ਰਬੂਜੇ ਸ਼ਾਹ ਪਿਆ। ਜਦੋਂ ਗੁਰੂ ਨਾਨਕ ਦੇਵ ਜੀ ਉਦਾਸੀਆਂ ਲਈ ਰਵਾਨਾ ਹੋਏ ਤਾਂ ਖ਼ਰਬੂਜੇ ਸ਼ਾਹ ਨੇ ਭਰੇ ਮਨ ਨਾਲ ਗੁਰੂ ਜੀ ਨੂੰ ਕਿਹਾ, "ਆਪ ਜੀ ਦੇ ਦਰਸ਼ਨਾਂ ਬਿਨਾ ਜਿਊਂਦਾ ਰਹਿਣਾ ਮੇਰੇ ਲਈ ਮੁਨਾਸਿਬ ਨਹੀਂ।" ਗੁਰੂ ਜੀ ਨੇ ਬੇਰੀ ਦੀ ਦਾਤਣ ਜ਼ਮੀਨ ਵਿੱਚ ਗੱਡ ਕੇ ਬਚਨ ਕੀਤਾ ਕਿ ਮੇਰੇ ਦਰਸ਼ਨ ਇਸ ਬੇਰੀ ਵਿੱਚੋਂ ਕਰ ਲਿਆ ਕਰ।

## ਸੱਯਦ ਅਹਿਮਦ ਤੱਕੀ

ਲਾਹੌਰ ਵਾਸੀ ਸੱਯਦ ਅਹਿਮਦ ਤੱਕੀ ਬਹੁਤ ਜ਼ਿੱਦੀ ਤੇ ਕੱਟੜ ਵਿਚਾਰਧਾਰਾ ਦਾ ਮਾਲਕ ਸੀ। ਦੱਸਿਆ ਜਾਂਦਾ ਹੈ ਕਿ ਸਿਕੰਦਰ ਦੇ ਜ਼ੁਲਮ ਕਰਵਾਉਣ ਪਿੱਛੇ ਵੀ ਇਸਦਾ ਹੱਥ ਰਿਹਾ ਹੈ। ਸੰਤ ਕਬੀਰ ਜੀ ਨੂੰ ਗੰਗਾ ਦਰਿਆ ਵਿੱਚ ਜ਼ੰਜੀਰਾਂ ਨਾਲ ਬੰਨ੍ਹ ਕੇ ਵੀ ਇਸੇ ਨੇ ਸੁਟਵਾਇਆ ਸੀ। ਜਦੋਂ ਗੁਰੂ ਨਾਨਕ ਦੇਵ ਜੀ ਲਾਹੌਰ ਪਹੁੰਚੇ ਤਾਂ ਇਹ ਮੁਲਾਣਿਆਂ ਨੂੰ ਲੈ ਕੇ ਗੁਰੂ ਜੀ ਕੋਲ਼ ਪਹੁੰਚਿਆ। ਗੁਰੂ ਜੀ ਨੂੰ ਆਪਣੀਆਂ ਕਰਾਮਾਤਾਂ ਨਾਲ਼ ਨੀਵਾਂ ਦਿਖਾਉਣ ਦੀ ਵੀ ਕੋਸ਼ਿਸ਼ ਕੀਤੀ। ਗੁਰੂ ਜੀ ਦੇ ਨਿਮਰਤਾ ਸਹਿਤ ਉਪਦੇਸ਼, ਪੰਜ ਵਕਤੀ ਨਮਾਜ਼ਾਂ ਦੀ ਹਕੀਕਤ ਨੂੰ ਆਪਣੀ ਜ਼ਿੰਦਗੀ ਵਿੱਚ ਢਾਲਣ ਲਈ ਕਿ ਪਹਿਲੀ ਨਮਾਜ਼ 'ਸੱਚ' ਹੈ, ਦੂਜੀ ਨਮਾਜ਼ 'ਹਲਾਲ ਕਮਾਈ', ਤੀਜੀ ਨਮਾਜ਼ 'ਖੁਦਾ ਦੇ ਨਾਮ 'ਤੇ ਖੈਰਾਤ' ਬਣਾਉਣਾ, ਚੌਥੀ ਨਮਾਜ਼ ਦਿਲ ਨੂੰ 'ਸਾਫ਼-ਪਾਕ' ਰੱਖਣਾ ਅਤੇ ਪੰਜਵੀ ਨਮਾਜ਼ 'ਰੱਬ ਦੀ ਹਮਦ' ਬਣਾਉਣਾ ਹੈ, ਤੋਂ ਸੱਯਦ ਅਹਿਮਦ ਤੱਕੀ ਬੇਹੱਦ ਪ੍ਰਭਾਵਿਤ ਹੋਇਆ। ਉਹ ਕੱਟੜਤਾ, ਜ਼ੁਲਮ-ਵੈਰ ਛੱਡ ਕੇ ਲੋਕਾਂ ਦੀ ਸੇਵਾ ਦੇ ਰਾਹ ਪੈ ਗਿਆ। ਗੁਰੂ ਨਾਨਕ ਦੇਵ ਜੀ ਨੇ ਜਿੰਨਾ ਸਮਾਂ ਲਾਹੌਰ ਵਿੱਚ ਠਹਿਰ ਕੀਤੀ, ਉਨਾ ਸਮਾਂ ਸੱਯਦ ਤੱਕੀ ਜੀ ਗੁਰੂ ਜੀ ਕੋਲ਼ ਹਾਜ਼ਰੀ ਭਰਦੇ ਰਹੇ। ਉਸ ਸਮੇਂ ਲਾਹੌਰ ਦੇ ਕਾਫ਼ੀ ਸਾਰੇ ਮੁਸਲਮਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਬਣੇ।

⇒ ਬਾਕੀ ਅਗਲੇ ਅੰਕ ਵਿੱਚ